## ਅਧਿਆਇ 16

# ਉਜਾੜ ਵਿਚ ਕੋਰਹ ਦਾ ਵਿਦਰੋਹ

ਇਸਰਾਏਲੀਆਂ ਦੇ ਵਿਦਰੋਹ ਦੀ ਕਹਾਣੀ ਇਸ ਅਧਿਆਇ ਵਿਚ ਦੁਬਾਰਾ ਸ਼ੁਰੂ ਹੁੰਦੀ ਹੈ। ਮਿਰਯਮ ਅਤੇ ਹਾਰੂਨ ਨੇ ਪਹਿਲਾਂ ਮੂਸਾ ਨੂੰ ਆਗੂ ਦੇ ਤੌਰ ਤੇ ਠੁਕਰਾ ਦਿੱਤਾ ਸੀ (ਅਧਿਆਇ 12) ਅਤੇ ਪਰਜਾ ਨੇ ਉਨ੍ਹਾਂ ਖੋਜ ਕੱਢਣ ਵਾਲਿਆਂ ਦਾ ਪੱਖ ਲਿਆ ਸੀ ਜਿਨ੍ਹਾਂ ਨੇ ਵਾਅਦੇ ਦੀ ਧਰਤੀ ਤੇ ਕਬਜ਼ਾ ਕਰਨ ਦੇ ਲਈ ਪਰਮੇਸ਼ੁਰ ਦੀਆਂ ਹਦਾਇਤਾਂ ਦੀ ਅਣਆਗਿਆਕਾਰੀ ਕੀਤੀ ਸੀ (ਅਧਿਆਇ 13; 14)। 16 ਅਤੇ 17 ਅਧਿਆਵਾਂ ਵਿਚ, ਗੋਤਾਂ ਦੇ ਕੁਝ ਆਗੂਆਂ ਨੇ ਮੂਸਾ ਅਤੇ ਹਾਰੂਨ ਦੇ ਵਿਰੁੱਧ ਵਿਦਰੋਹ ਕੀਤਾ ਸੀ ਜਿਸ ਦੇ ਨਤੀਜੇ ਵਿਨਾਸ਼ਕਾਰੀ ਸਨ। ਪਰਜਾ ਨੂੰ ਵਿਦਰੋਹ ਕਰਨ ਵਾਲਿਆਂ ਦਾ ਪੱਖ ਲੈਣ ਦੇ ਲਈ ਵੀ ਸਜ਼ਾ ਦਿੱਤੀ ਗਈ ਸੀ।

ਇਸ ਅਧਿਆਇ ਵਿਚ ਵਿਰਤਾਂਤ ਵਿਦਰੋਹ ਕਰਨ ਵਾਲਿਆਂ ਦੇ ਦੋ ਸਮੂਹਾਂ ਵਿਚਕਾਰ ਅੱਗੇ-ਪਿੱਛੇ ਹੁੰਦਾ ਹੈ - ਇਕ ਪਾਸੇ ਕੋਰਹ ਅਤੇ ਉਸ ਦੇ ਸਮਰਥਕ ਅਤੇ ਦੂਜੇ ਪਾਸੇ ਦਾਥਾਨ ਅਤੇ ਅਬੀਰਾਮ। ਆਇਤ 1 ਵਿਚ ਇਕ ਹੋਰ ਮਨੁੱਖ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਸ ਦਾ ਨਾਮ ਓਨ ਸੀ।

ਹਾਲਾਂਕਿ ਕੋਰਹ ਤੋਂ ਇਲਾਵਾ ਹੋਰ ਮਨੁੱਖ ਵੀ ਸ਼ਾਮਲ ਸਨ, ਵਿਰਤਾਂਤ ਵਿਚ ਕੋਰਹ ਦੀ ਪ੍ਰਮੁੱਖਤਾ ਦੇ ਕਾਰਣ ਸਾਰਾ ਵਿਦਰੋਹ ਕੋਰਹ ਦਾ ਹੀ ਸਮਝਿਆ ਜਾਂਦਾ ਹੈ। ਉਸ ਦਾ ਨਾਮ ਅਧਿਆਇ ਵਿਚ ਦਸ ਵਾਰ ਮਿਲਦਾ ਹੈ ਅਤੇ ਉਹ ਵਿਦਰੋਹ ਕਰਨ ਵਾਲਿਆਂ ਦੀ ਸੂਚੀ ਵਿਚ ਪਹਿਲੇ ਸਥਾਨ ਤੇ ਹੈ (16:1)। ਮੂਸਾ ਨੇ ਸਮੂਹ ਦੀ ਸ਼ਿਕਾਇਤ ਦਾ ਜਵਾਬ "ਕੋਰਹ ਅਤੇ ਉਹ ਦੀ ਸਾਰੀ ਟੋਲੀ" ਨਾਲ ਗੱਲ ਕਰਕੇ ਦਿੱਤਾ ਸੀ (16:5) ਅਤੇ ਇਹ ਕੋਰਹ ਹੀ ਸੀ ਜਿਸ ਨੇ ਮੂਸਾ ਅਤੇ ਹਾਰੂਨ ਦੇ ਵਿਰੁੱਧ ਮੰਡਲੀ ਨੂੰ ਇਕੱਠਾ ਕੀਤਾ ਸੀ (16:19)। ਇਸ ਵਿਦਰੋਹ ਨੂੰ "ਕੋਰਹ ਅਤੇ ਉਸ ਦੀ ਟੋਲੀ" ਦਾ ਕੰਮ ਕਿਹਾ ਗਿਆ ਹੈ (16:40) ਅਤੇ ਜਿਹੜੇ ਵਿਦਰੋਹ ਵਿਚ ਮਾਰੇ ਗਏ ਸਨ ਉਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਹ "ਕੋਰਹ ਦੀ ਗੱਲ ਦੇ ਕਾਰਨ ਮਰੇ" (16:49; ਵੇਖੋ 16:6, 8, 16, 24, 27)।[1] ਬਾਅਦ ਵਿਚ, ਇਸ ਘਟਨਾ ਨੂੰ ਕੋਰਹ ਦੇ ਵਿਦਰੋਹ ਵਜੋਂ ਚੇਤੇ ਕੀਤਾ ਗਿਆ ਸੀ (ਵੇਖੋ 27:3)।

ਇਸ ਵਿਦਰੋਹ ਨੂੰ ਤੇਜ਼ੀ ਨਾਲ ਬਦਲਣ ਵਾਲੇ ਦ੍ਰਿਸ਼ਾਂ ਦੀ ਇਕ ਲੜੀ ਵਿਚ ਬਿਆਨ ਕੀਤਾ ਗਿਆ ਹੈ। ਵਿਰੋਧੀਆਂ, ਪਹਿਲਾਂ ਇਕੱਠਿਆਂ ਅਤੇ ਫਿਰ ਵੱਖ-ਵੱਖ ਹੋ ਕੇ, ਮੂਸਾ ਅਤੇ ਹਾਰੂਨ ਦਾ ਸਾਹਮਣਾ ਕੀਤਾ ਸੀ।

## ਪਹਿਲਾ ਦ੍ਰਿਸ਼: ਇਲਜ਼ਾਮ (16:1-4)

**[1]ਕਹਾਥ ਦੇ ਪੋਤੇ ਯਿਸਹਾਰ ਦੇ ਪੁੱਤ੍ਰ ਕੋਰਹ ਲੇਵੀ ਨੇ ਅਤੇ ਅਲੀਆਬ ਦੇ ਪੁੱਤ੍ਰਾਂ ਦਾਥਾਨ ਅਤੇ ਅਬੀਰਾਮ ਨੇ ਅਤੇ ਪਲਤ ਦੇ ਪੁੱਤ੍ਰ ਓਨ ਨੇ ਜਿਹੜੇ ਰਊਬੇਨੀ ਸਨ ਮਨੁੱਖਾਂ ਨੂੰ ਨਾਲ ਲਿਆ। [2]ਓਹ ਅਤੇ ਇਸਰਾਏਲੀਆਂ ਵਿੱਚੋਂ ਢਾਈ ਸੌ ਮਨੁੱਖ ਜਿਹੜੇ ਮੰਡਲੀ ਦੇ ਪਰਧਾਨ ਅਤੇ ਮੰਡਲੀ ਦੇ ਚੁਣਵੇਂ**

**ਅਤੇ ਨਾਮੀ ਸਨ ਮੂਸਾ ਦੇ ਅੱਗੇ ਉੱਠੇ। [3]ਅਤੇ ਓਹ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਇਕੱਠੇ ਹੋਏ ਅਤੇ ਉਨ੍ਹਾਂ ਨੂੰ ਆਖਿਆ, ਹੁਣ ਤਾਂ ਬੱਸ ਕਰੋ ਕਿਉਂ ਜੋ ਸਾਰੀ ਮੰਡਲੀ ਦੇ ਲੋਕ ਪਵਿੱਤ੍ਰ ਹਨ ਅਤੇ ਯਹੋਵਾਹ ਉਨ੍ਹਾਂ ਦੇ ਵਿੱਚ ਹੈ। ਤੁਸੀਂ ਫੇਰ ਕਿਵੇਂ ਆਪਣੇ ਆਪ ਨੂੰ ਯਹੋਵਾਹ ਦੀ ਸਭਾ ਨਾਲੋਂ ਉੱਚਾ ਬਣਾਉਂਦੇ ਹੋ? [4]ਜਦ ਮੂਸਾ ਨੇ ਸੁਣਿਆ ਤਾਂ ਉਹ ਆਪਣੇ ਮੂੰਹ ਭਾਰ ਡਿੱਗਿਆ।**

**ਆਇਤਾਂ 1, 2.** ਇਹ ਦੋ ਆਇਤਾਂ ਵਿਦਰੋਹ ਦੇ ਵਿਰਤਾਂਤ ਦੇ ਲਈ ਮੰਚ ਤਿਆਰ ਕਰਦੀਆਂ ਹਨ। ਆਗੂਆਂ ਨੂੰ *ਕੋਰਹ* ਲੇਵੀ, **ਦਾਥਾਨ**, **ਅਬੀਰਾਮ** ਅਤੇ **ਓਨ** ਜਿਹੜੇ **ਰਊਬੇਨ** ਦੇ ਪੁੱਤ੍ਰ ਸਨ ਵਜੋਂ ਪਛਾਣਿਆ ਗਿਆ ਹੈ। ਉਹ ਵੰਸ਼ ਜਿਸ ਦੇ ਵਿੱਚੋਂ ਕੋਰਹ ਆਇਆ ਸੀ ਅਰਥਾਤ ਕਹਾਥੀਆਂ ਅਤੇ ਰਊਬੇਨੀਆਂ ਦੋਹਾਂ ਨੇ ਡੇਹਰੇ ਦੇ ਦੱਖਣ ਵੱਲ ਡੇਰਾ ਲਾਇਆ ਸੀ (2:10; 3:29); ਇਕ ਦੂਜੇ ਦੇ ਪ੍ਰਤੀ ਉਨ੍ਹਾਂ ਦੀ ਨੇੜਤਾ ਇਸਰਾਏਲ ਦੇ ਆਗੂਆਂ ਦੇ ਪ੍ਰਤੀ ਉਨ੍ਹਾਂ ਦੇ ਇਕੱਠਿਆਂ ਮਿਲ ਕੇ ਸਾਜਿਸ਼ ਰਚਨ ਦੀ ਵਿਆਖਿਆ ਕਰਨ ਵਿਚ ਮਦਦ ਕਰ ਸਕਦੀ ਹੈ।

ਉਨ੍ਹਾਂ ਦੇ ਨਾਲ ਮੂਸਾ ਦੇ ਵਿਰੁੱਧ 250 ਹੋਰ ਵਿਰੋਧੀ ਜੋ ਇਕੱਠੇ ਹੋਏ ਸਨ ਜੋ ਕਿ ਪਰਤੱਖ ਰੂਪ ਵਿਚ ਸਾਰੇ ਗੋਤਾਂ ਵਿੱਚੋਂ ਸਨ, ਉਨ੍ਹਾਂ ਨੂੰ **ਮੰਡਲੀ ਦੇ ਪਰਧਾਨ ਅਤੇ ਮੰਡਲੀ ਦੇ ਚੁਣਵੇਂ** ਅਤੇ **ਨਾਮੀ ਮਨੁੱਖਾਂ** ਵਜੋਂ ਪਛਾਣਿਆ ਗਿਆ ਹੈ। ਭਾਸ਼ਾ ਇਹ ਸੁਝਾਅ ਦਿੰਦੀ ਹੈ ਕਿ 250 ਮਨੁੱਖ ਇਸਰਾਏਲ ਦੇ ਸਾਰੇ ਗੋਤਾਂ ਵਿੱਚੋਂ ਸਨ। ਅੱਗੇ ਜਾ ਕੇ (16:8-11), ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਮੂਸਾ ਨੇ ਇਸ ਸਮੂਹ ਨੂੰ "ਕੋਰਹ" ਅਤੇ "ਲੇਵੀਆਂ" ਵਜੋਂ ਸੰਬੋਧਿਤ ਕੀਤਾ ਸੀ। ਸ਼ਾਇਦ ਇਨ੍ਹਾਂ ਆਇਤਾਂ ਦੇ ਸਬੂਤ ਨੂੰ ਇਹ ਕਲਪਨਾ ਕਰਨ ਦੁਆਰਾ ਸਵੀਕਾਰ ਕੀਤਾ ਜਾ ਸਕਦਾ ਹੈ ਕਿ 250 ਮਨੁੱਖ ਸਾਰੇ ਗੋਤਾਂ ਵਿੱਚੋਂ ਸਨ, ਪਰ ਲੇਵੀ ਸਮੂਹ ਤੇ ਹਾਵੀ ਸਨ। ਸ਼ਾਇਦ ਕੋਰਹ ਅਤੇ ਉਸ ਦੇ ਲੇਵੀ ਸਾਥੀਆਂ ਨੇ ਦੂਜੇ ਗੋਤਾਂ ਦੇ ਪਰਧਾਨਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਨ੍ਹਾਂ ਕੋਲ ਵੀ ਜਾਜਕਾਈ ਤੱਕ ਪਹੁੰਚ ਹੋਣੀ ਚਾਹੀਦੀ ਹੈ।

ਕੋਰਹ ਦੇ ਪਿਛੋਕੜ ਦਾ ਨਿਰੀਖਣ ਵਿਰਤਾਂਤ ਨੂੰ ਤਿੱਖੇ ਕੇਂਦਰ-ਬਿੰਦੂ ਵਿਚ ਲੈ ਕੇ ਆਉਂਦਾ ਹੈ। **ਕਹਾਥ ਦੇ ਪੋਤੇ ਯਿਸਹਾਰ ਦੇ ਪੁੱਤ੍ਰ ਕੋਰਹ ਲੇਵੀ ਨੇ।** ਮੂਸਾ ਅਤੇ ਹਾਰੂਨ ਵੀ ਕਹਾਥ ਦੇ ਵੰਸ਼ ਵਿੱਚੋਂ ਆਏ ਸਨ ਅਤੇ ਇਸ ਤਰ੍ਹਾਂ ਲੱਗਦਾ ਹੈ ਕਿ ਉਨ੍ਹਾਂ ਦਾ ਪਿਤਾ ਅਮਰਾਮ ਕੋਰਹ ਦੇ ਪਿਤਾ ਯਿਸਹਾਰ ਦਾ ਭਰਾ ਸੀ (ਕੂਚ 6:18; 1 ਇਤਹਾਸ 6:2)। ਇਸ ਹਾਲਤ ਵਿਚ, ਕੋਰਹ ਹਾਰੂਨ ਅਤੇ ਮੂਸਾ ਦਾ ਚਚੇਰਾ ਭਰਾ ਹੋਵੇਗਾ। ਸ਼ਾਇਦ ਇਸ ਲਈ ਕਿਉਂਕਿ ਉਹ ਇੱਕੋ ਪਰਿਵਾਰ ਵਿੱਚੋਂ ਆਏ ਸਨ, ਕੋਰਹ ਨੇ ਸੋਚਿਆ ਕਿ ਮੂਸਾ ਅਤੇ ਹਾਰੂਨ ਉਨ੍ਹਾਂ ਅਹੁਦਿਆਂ ਦੇ ਹੱਕਦਾਰ ਨਹੀਂ ਸਨ ਜੋ ਉਸ ਦੇ ਆਪਣੇ ਅਹੁਦੇ ਤੋਂ ਵੱਡੇ ਸਨ।

**ਆਇਤ 3.** ਕੋਰਹ ਅਤੇ ਉਸ ਦੇ ਸਮਰਥਕਾਂ ਦੀ ਸ਼ਿਕਾਇਤ ਇਹ ਸੀ ਕਿ ਕਿਉਂਕਿ **ਸਾਰੀ ਮੰਡਲੀ ਪਵਿੱਤ੍ਰ** ਸੀ, ਮੂਸਾ ਅਤੇ ਹਾਰੂਨ ਨੂੰ ਆਪਣੇ ਆਪ ਨੂੰ **ਯਹੋਵਾਹ ਦੀ ਸਭਾ ਨਾਲੋਂ ਉੱਚਾ** ਬਣਾਉਣ ਦਾ ਕੋਈ ਹੱਕ ਨਹੀਂ ਸੀ। ਪਰਧਾਨਾਂ ਨੇ ਆਖਿਆ, "ਹੁਣ ਤਾਂ ਬੱਸ ਕਰੋ!" (NIV; NLT)। ਉਹ ਇਹ ਕਹਿਣ ਵਿਚ ਸਹੀ ਸਨ ਕਿ ਮੰਡਲੀ ਪਵਿੱਤ੍ਰ ਸੀ (ਕੂਚ 19:6; ਗਿਣਤੀ 15:39, 40), ਪਰ ਮੂਸਾ ਅਤੇ ਹਾਰੂਨ ਦੇ ਆਗੂ ਹੋਣ ਦਾ ਵਿਰੋਧ ਕਰਨ ਵਿਚ ਗਲਤ ਸਨ। ਇਨ੍ਹਾਂ ਦੋਵਾਂ ਮਨੁੱਖਾਂ ਨੇ ਆਪਣੇ ਆਪ ਨੂੰ ਉੱਚਾ ਨਹੀਂ ਸੀ ਬਣਾਇਆ, ਬਲਕਿ, ਪਰਮੇਸ਼ੁਰ ਨੇ ਉਨ੍ਹਾਂ ਨੂੰ ਉੱਚਾ ਬਣਾਇਆ ਸੀ (ਕੂਚ 3; 4; 28; 29)। ਇਹ ਵਿਚਾਰ ਕਿ ਇਸਰਾਏਲ ਇਕ "ਪਵਿੱਤਰ ਕੌਮ" ਸੀ ਅਤੇ **ਯਹੋਵਾਹ ਉਨ੍ਹਾਂ ਦੇ ਵਿੱਚ** ਸੀ ਦਾ ਅਰਥ ਇਹ ਨਹੀਂ ਸੀ ਕਿ ਪਰਜਾ ਨੂੰ ਆਗੂਆਂ ਦੀ ਕੋਈ ਲੋੜ ਨਹੀਂ ਸੀ ਜਿਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਮਾਰਗ-ਦਰਸ਼ਨ ਸ਼ਾਮਲ ਹੋਵੇਗਾ। ਪਰਮੇਸ਼ੁਰ ਦੁਆਰਾ ਮੂਸਾ ਅਤੇ ਹਾਰੂਨ ਦੀ ਨਿਯੁਕਤੀ ਨੇ ਉਨ੍ਹਾਂ ਦੇ ਸਵਾਲ ਦਾ ਜਵਾਬ ਦੇ ਦਿੱਤਾ ਹੋਵੇਗਾ ਜਿਹੜੇ ਪਰਮੇਸ਼ੁਰ ਦੁਆਰਾ ਠਹਿਰਾਏ ਹੋਏ ਇਸਰਾਏਲ ਦੇ ਆਗੂ ਸਨ।

ਸ਼ਾਇਦ, ਇਸ ਸ਼ਿਕਾਇਤ ਵਿਚ ਉਨ੍ਹਾਂ ਦੇ ਅਸਲੀ ਉਦੇਸ਼ ਛੁਪੇ ਹੋਏ ਸਨ। ਸਪੱਸ਼ਟ ਤੌਰ ਤੇ, ਕੋਰਹ ਦਾ ਨਿਸ਼ਾਨਾ ਆਪਣੇ ਆਪ ਦੇ ਲਈ ਅਤੇ ਹੋਰਨਾਂ ਲੇਵੀਆਂ ਦੇ ਲਈ ਜਾਜਕਾਂ ਦੇ ਤੌਰ ਤੇ ਸੇਵਾ ਕਰਨ (16:9, 10) - ਅਤੇ ਸ਼ਾਇਦ ਦੂਜਿਆਂ ਦੇ ਲਈ ਵੀ ਉਸ ਤਰ੍ਹਾਂ ਸੇਵਾ ਕਰਨ ਦਾ ਹੱਕ ਪ੍ਰਾਪਤ ਕਰਨਾ ਸੀ। ਸ਼ਾਇਦ, ਰਊਬੇਨੀ ਜੋ ਸਾਜਿਸ਼ ਵਿਚ ਸ਼ਾਮਲ ਹੋਏ ਸਨ ਉਹ ਵੀ ਮੂਸਾ ਦੇ ਵਾਂਗ ਇਸਰਾਏਲ ਦੀ ਅਗਵਾਈ ਕਰਨ ਦੇ ਹੱਕ ਨੂੰ ਚਾਹੁੰਦੇ ਸਨ। ਸ਼ਾਇਦ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਮੁੱਖ ਗੋਤ ਦੇ ਮੈਂਬਰਾਂ ਵਜੋਂ ਵੇਖਿਆ ਸੀ - ਆਖ਼ਰਕਾਰ, ਰਊਬੇਨ ਯਾਕੂਬ ਦਾ ਸਭ ਤੋਂ ਵੱਡਾ ਪੁੱਤ੍ਰ ਸੀ - ਅਤੇ ਸੋਚਿਆ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੀ ਪਰਜਾ ਦੇ ਆਗੂ ਹੋਣਾ ਚਾਹੀਦਾ ਹੈ। ਸ਼ਾਇਦ ਕੋਈ ਕਹਿ ਸਕਦਾ ਹੈ ਕਿ ਰਊਬੇਨੀ ਇਸਰਾਏਲ ਦੇ ਧਰਮ ਨਿਰਪੱਖ ਆਗੂ ਬਣਨਾ ਚਾਹ ਰਹੇ ਸਨ; ਉਹ ਮੂਸਾ ਦੀ ਥਾਂ ਆਗੂ ਬਣਨਾ ਪਸੰਦ ਕਰਦੇ ਹੋਣਗੇ। ਦੂਜੇ ਪਾਸੇ, ਕੋਰਹ ਅਤੇ ਲੇਵੀ ਆਤਮਿਕ ਆਗੂ ਬਣਨਾ ਚਾਹ ਰਹੇ ਸਨ; ਉਹ ਹਾਰੂਨ ਦੀ ਥਾਂ ਲੈਣਾ ਚਾਹੁੰਦੇ ਸਨ। ਮਨੁੱਖ ਦੇ ਸੁਭਾਅ ਨੂੰ ਵੇਖਦੇ ਹੋਏ, ਇਹ ਅਸੰਭਵ ਹੈ ਕਿ ਵਿਦਰੋਹ ਕਰਨ ਵਾਲਿਆਂ ਵਿਚ ਕੋਈ ਵੀ ਇਸਰਾਏਲ ਨੂੰ ਇਕ ਆਗੂ ਰਹਿਤ ਕੌਮ ਜਾਂ ਇਕ ਲੋਕਤੰਤਰ ਬਣਾਉਣ ਦੀ ਸੋਚ ਰਿਹਾ ਸੀ। ਬਲਕਿ, ਉਹ ਮੂਸਾ ਅਤੇ ਹਾਰੂਨ ਦੇ ਇਖ਼ਤਿਆਰ ਨੂੰ ਕਮਜ਼ੋਰ ਕਰਨ ਅਤੇ ਹੜੱਪਣ ਦੇ ਲਈ ਮੰਡਲੀ ਦੀ ਪਵਿੱਤ੍ਰਤਾ ਦੀ ਦੁਹਾਈ ਦੇ ਰਹੇ ਸਨ। *ਉਹ* ਇਸਰਾਏਲ ਦੇ ਆਗੂ ਬਣਨਾ ਚਾਹੁੰਦੇ ਸਨ!

**ਆਇਤ 4. ਜਦ ਮੂਸਾ ਨੇ ਸੁਣਿਆ**, ਉਸ ਨੇ **ਆਪਣੇ ਮੂੰਹ ਭਾਰ** ਡਿੱਗ ਕੇ ਜਵਾਬ ਦਿੱਤਾ। ਸਪੱਸ਼ਟ ਤੌਰ ਤੇ, ਇਹ ਵਿਦਰੋਹੀਆਂ ਦੁਆਰਾ ਉਠਾਏ ਗਏ ਕਦਮਾਂ ਤੇ ਉਸ ਦੇ ਇਤਰਾਜ਼ ਅਤੇ ਖੌਫ ਨੂੰ ਵਿਖਾਉਂਦਾ ਸੀ। (ਅਧਿਆਇ ਵਿਚ ਉਨ੍ਹਾਂ ਮੌਕਿਆਂ ਦੇ ਲਈ ਜਦੋਂ ਮੂਸਾ ਅਤੇ ਹਾਰੂਨ ਮੂੰਹ ਭਾਰ ਡਿੱਗੇ 16:22, 45 ਵੇਖੋ।)

## ਦੂਜਾ ਦ੍ਰਿਸ਼: ਮੂਸਾ ਦੀ ਚੁਣੌਤੀ (16:5-11)

**[5]ਉਹ ਕੋਰਹ ਅਤੇ ਉਹ ਦੀ ਸਾਰੀ ਟੋਲੀ ਨੂੰ ਬੋਲਿਆ ਕਿ ਸਵੇਰ ਨੂੰ ਯਹੋਵਾਹ ਦੱਸੇਗਾ ਭਈ ਕੌਣ ਉਹ ਦਾ ਹੈ ਅਤੇ ਕੌਣ ਪਵਿੱਤ੍ਰ ਹੈ ਅਤੇ ਕਿਹ ਨੂੰ ਆਪਣੇ ਨੇੜੇ ਲਿਆਵੇਗਾ, ਜਿਸ ਨੂੰ ਚੁਣੇਗਾ ਉਹ ਨੂੰ ਨੇੜੇ ਲਿਆਵੇਗਾ। [6]ਏਹ ਕਰੋ ਭਈ ਕੋਰਹ ਅਤੇ ਉਸ ਦੀ ਸਾਰੀ ਟੋਲੀ ਆਪਣੇ ਲਈ ਧੂਪਦਾਨ ਲਓ। [7]ਅਤੇ ਕੱਲ ਨੂੰ ਉਨ੍ਹਾਂ ਵਿੱਚ ਅੱਗ ਪਾਓ ਅਤੇ ਉਨ੍ਹਾਂ ਦੇ ਵਿੱਚ ਯਹੋਵਾਹ ਦੇ ਅੱਗੇ ਧੂਪ ਪਾਓ ਤਾਂ ਐਉਂ ਹੋਵੇਗਾ ਕਿ ਉਹ ਮਨੁੱਖ ਜਿਹ ਨੂੰ ਯਹੋਵਾਹ ਚੁਣੇਗਾ ਉਹ ਪਵਿੱਤ੍ਰ ਹੋਵੇਗਾ। ਹੁਣ ਲੇਵੀਓ, ਤੁਸੀਂ ਵੀ ਬੱਸ ਕਰੋ! [8]ਤਾਂ ਮੂਸਾ ਨੇ ਕੋਰਹ ਨੂੰ ਆਖਿਆ, ਹੇ ਲੇਵੀਓ ਸੁਣੋ! [9]ਕੀ ਏਹ ਗੱਲ ਤੁਹਾਡੇ ਲਈ ਛੋਟੀ ਹੈ ਕਿ ਇਸਰਾਏਲ ਦੇ ਪਰਮੇਸ਼ੁਰ ਨੇ ਤੁਹਾਨੂੰ ਇਸਰਾਏਲੀਆਂ ਦੀ ਮੰਡਲੀ ਤੋਂ ਵੱਖਰਾ ਕੀਤਾ ਤਾਂ ਜੋ ਉਹ ਤੁਹਾਨੂੰ ਨੇੜੇ ਲਿਆਵੇ ਕਿ ਤੁਸੀਂ ਯਹੋਵਾਹ ਦੇ ਡੇਹਰੇ ਦੀ ਟਹਿਲ ਸੇਵਾ ਕਰੋ ਅਤੇ ਮੰਡਲੀ ਦੇ ਅੱਗੇ ਖਲੋ ਕੇ ਓਹਨਾਂ ਦੀ ਸੇਵਾ ਕਰੋ? [10]ਨਾਲੇ ਉਹ ਤੈਨੂੰ ਅਤੇ ਤੇਰੇ ਸਾਰੇ ਭਰਾਵਾਂ ਨੂੰ ਜਿਹੜੇ ਲੇਵੀ ਹਨ ਤੇਰੇ ਸੰਗ ਨੇੜੇ ਲਿਆਇਆ? ਹੁਣ ਕੀ ਤੁਸੀਂ ਜਾਜਕਾਈ ਨੂੰ ਵੀ ਦੰਦ ਮਾਰਦੇ ਹੋ? [11]ਏਸੇ ਲਈ ਤੂੰ ਅਤੇ ਤੇਰੀ ਸਾਰੀ ਟੋਲੀ ਯਹੋਵਾਹ ਦੇ ਵਿਰੁੱਧ ਇਕੱਠੀ ਹੋਈ ਅਤੇ ਹਾਰੂਨ, ਉਹ ਵਿਚਾਰਾ ਕੌਣ ਹੈ ਜੋ ਤੁਸੀਂ ਉਹ ਦੇ ਵਿਰੁੱਧ ਬੁੜ ਬੁੜਾਉਂਦੇ ਹੋ?**

**ਆਇਤਾਂ 5-7.** ਜਦੋਂ ਮੂਸਾ **ਕੋਰਹ ਅਤੇ ਉਹ ਦੀ ਸਾਰੀ ਟੋਲੀ ਨੂੰ ਬੋਲਿਆ**, ਦਾਥਾਨ ਅਤੇ ਅਬੀਰਾਮ ਦ੍ਰਿਸ਼ ਵਿੱਚੋਂ ਗਾਇਬ ਹੋ ਗਏ ਸਨ ਅਤੇ 12 ਆਇਤ ਵਿਚ ਫੇਰ ਪਰਗਟ ਹੋ ਗਏ। ਸ਼ਾਇਦ ਸ਼ੁਰੂਆਤੀ ਟਕਰਾਅ ਤੋਂ ਬਾਅਦ (16:1-4), ਦਾਥਾਨ ਅਤੇ ਅਬੀਰਾਮ ਮੂਸਾ ਦੇ ਲਈ ਆਪਣੀ ਨਫ਼ਰਤ ਵਿਖਾਉਣ ਦੇ ਲਈ ਆਪਣੇ ਸਮਰਥਕਾਂ ਨਾਲ ਸਭਾ ਨੂੰ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ

ਤੋਂ ਬਾਅਦ, ਮੂਸਾ ਨੇ ਕੋਰਹ ਦੇ ਸਮਰਥਕਾਂ ਨਾਲ ਗੱਲ ਕੀਤੀ।

ਕੋਰਹ ਦੇ ਅਨੁਮਾਨ ਦੇ ਜਵਾਬ ਵਿਚ, ਮੂਸਾ ਨੇ ਉਸ ਨੂੰ ਅਤੇ ਉਸ ਦੇ ਜੋ ਨਾਲ ਸਨ ਉਨ੍ਹਾਂ ਨੂੰ ਇਕ ਸ਼ਰਧਾਂਜਲੀ ਦੀ ਚੁਣੌਤੀ ਦਿੱਤੀ। ਅਗਲੇ ਦਿਨ **ਉਨ੍ਹਾਂ ਨੇ ਧੂਪਦਾਨ ਲੈਣਾ, ਉਨ੍ਹਾਂ ਵਿੱਚ ਅੱਗ ਪਾਉਣੀ** ਅਤੇ **ਉਨ੍ਹਾਂ ਦੇ ਵਿੱਚ ਧੂਪ ਪਾਉਣੀ** ਸੀ। ਇਹ ਧੂਪਦਾਨ ਖਾਲੀ ਤਵੇ ਸਨ ਜਿਨ੍ਹਾਂ ਦੇ ਲੰਬੇ-ਲੰਬੇ ਮੁੱਠੇ ਸਨ। ਤਵਿਆਂ ਉੱਤੇ ਗਰਮ ਕੋਲੇ ਰੱਖੇ ਗਏ ਸਨ ਅਤੇ ਮਨਮੋਹਕ ਸੁਗੰਧ ਪੈਦਾ ਕਰਨ ਦੇ ਲਈ ਕੋਲਿਆਂ ਉੱਤੇ ਧੂਪ ਛਿੜਕੀ ਗਈ ਸੀ। ਧੂਪ ਚੜ੍ਹਾਉਣ ਤੋਂ ਬਾਅਦ, ਲੇਵੀਆਂ ਅਤੇ ਹਾਰੂਨ ਨੇ ਪਰਮੇਸ਼ੁਰ ਦੇ ਇਹ ਵਿਖਾਉਣ ਦੇ ਲਈ ਉਡੀਕ ਕਰਨੀ ਸੀ ਕਿ **ਕੌਣ ਪਵਿੱਤ੍ਰ** ਸੀ - ਅਰਥਾਤ, ਪਰਮੇਸ਼ੁਰ ਦੇ ਲਈ ਕੌਣ ਸਮਰਪਿਤ ਸੀ ਅਤੇ ਪਰਮੇਸ਼ੁਰ ਨੂੰ ਧੂਪ ਚੜ੍ਹਾਉਣ ਦਾ ਇਖ਼ਤਿਆਰ ਸੱਚਮੁੱਚ ਕਿਸ ਨੂੰ ਦਿੱਤਾ ਗਿਆ ਸੀ।

ਇਸ ਚੁਣੌਤੀ ਤੋਂ ਬਾਅਦ, ਮੂਸਾ ਨੇ ਚਿਤਾਵਨੀ ਦਿੱਤੀ ਸੀ, "ਲੇਵੀਓ, ਤੁਸੀਂ ਵੀ ਬੱਸ ਕਰੋ!" (NLT)। ਉਸ ਦੇ ਸ਼ਬਦ ਆਇਤ 3 ਵਿਚ ਮੂਸਾ ਅਤੇ ਹਾਰੂਨ ਦੇ ਵਿਰੁੱਧ ਮੰਡਲੀ ਦੀ ਸ਼ਿਕਾਇਤ ਤੇ ਪਰਛਾਵਾਂ ਪਾਉਂਦੇ ਹਨ: "ਹੁਣ ਤਾਂ ਬੱਸ ਕਰੋ!" (NLT)। ਸੱਚਮੁੱਚ, ਲੇਵੀ ਹੀ ਸਨ ਜਿਨ੍ਹਾਂ ਨੇ ਆਪਣੇ ਇਖ਼ਤਿਆਰ ਦੀਆਂ ਹੱਦਾਂ ਨੂੰ ਪਾਰ ਕੀਤਾ ਸੀ।

**ਆਇਤਾਂ 8-11. ਮੂਸਾ** ਨੇ ਦਰਅਸਲ **ਕੋਰਹ** ਅਤੇ **ਲੇਵੀਆਂ** ਨੂੰ ਇਹ ਕਹਿੰਦੇ ਹੋਏ ਝਿੜਕਿਆ ਕਿ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ **ਇਸਰਾਏਲੀਆਂ ਦੀ ਮੰਡਲੀ ਤੋਂ ਵੱਖਰਾ ਕੀਤਾ** ਸੀ ਅਤੇ ਉਨ੍ਹਾਂ ਨੂੰ **ਡੇਹਰੇ ਦੀ ਟਹਿਲ ਸੇਵਾ ਵਿੱਚ** ਕਰਨ ਦੇ ਲਈ ਅਹਿਮ ਕੰਮ ਦਿੱਤਾ ਸੀ, ਉਨ੍ਹਾਂ ਨੂੰ **ਜਾਜਕਾਈ ਨੂੰ ਵੀ ਦੰਦ ਮਾਰਨ** ਦੀ ਬਜਾਇ ਆਪਣੀ ਭੂਮਿਕਾ ਨਾਲ ਸੰਤੁਸ਼ਟ ਹੋਣਾ ਚਾਹੀਦਾ ਹੈ। ਪਰਮੇਸ਼ੁਰ ਨੇ ਹਾਰੂਨ ਦੇ ਪਰਿਵਾਰ ਨੂੰ ਜਾਜਕ ਹੋਣ ਦੇ ਲਈ ਨਿਯੁਕਤ ਕੀਤਾ ਸੀ; ਜਾਜਕਾਈ ਨੂੰ ਹੜੱਪਣ ਦੀ ਕੋਸ਼ਿਸ਼ ਕਰਨ ਦੁਆਰਾ, ਇਹ ਵਿਦਰੋਹ ਕਰਨ ਵਾਲੇ ਅਸਲ ਵਿਚ **ਯਹੋਵਾਹ ਦੇ ਵਿਰੁੱਧ ਇਕੱਠੇ ਹੋਏ** ਸਨ। ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਦੇ ਆਗੂਆਂ ਨੂੰ ਠੁਕਰਾਉਣਾ ਖੁਦ ਪਰਮੇਸ਼ੁਰ ਨੂੰ ਠੁਕਰਾਉਣਾ ਹੈ! ਮੂਸਾ ਨੇ ਕੋਰਹ ਨੂੰ ਆਪਣੀ ਅਪੀਲ ਨੂੰ ਇਨ੍ਹਾਂ ਸ਼ਬਦਾਂ ਨਾਲ ਖਤਮ ਕੀਤਾ ਸੀ: ਹਾਰੂਨ **ਕੌਣ ਹੈ ਜੋ ਤੁਸੀਂ ਉਸ ਦੇ ਵਿਰੁੱਧ ਬੁੜ ਬੁੜਾਉਂਦੇ ਹੋ**? ਸ਼ਾਇਦ ਉਸ ਦਾ ਅਰਥ ਇਹ ਸੀ ਕਿ ਹਾਰੂਨ ਖੁਦ ਮਾਮੂਲੀ ਜਿਹਾ ਇਨਸਾਨ ਸੀ, ਮਤਲਬ ਇਹ ਕਿ ਮਹੱਤਵਪੂਰਣ ਗੱਲ ਸਿਰਫ਼ ਇਹ ਸੀ ਕਿ ਵਿਦਰੋਹ ਕਰਨ ਵਾਲੇ ਜਿਨ੍ਹਾਂ ਨੇ ਹਾਰੂਨ ਦੀ ਜਾਜਕਾਈ ਦਾ ਵਿਰੋਧ ਕੀਤਾ ਸੀ ਪਰਮੇਸ਼ੁਰ ਦੀ ਇੱਛਾ ਨੂੰ ਠੁਕਰਾ ਰਹੇ ਸਨ।

## ਤੀਜਾ ਦ੍ਰਿਸ਼: ਬੁਲਾਵਾ (16:12-15)

**12ਤਾਂ ਮੂਸਾ ਨੇ ਅਲੀਆਬ ਦੇ ਪੁੱਤ੍ਰਾਂ ਦਾਥਾਨ ਅਤੇ ਅਬੀਰਾਮ ਨੂੰ ਬੁਲਾ ਘੱਲਿਆ ਪਰ ਉਨ੍ਹਾਂ ਨੇ
ਆਖਿਆ, ਅਸੀਂ ਨਹੀਂ ਆਵਾਂਗੇ। 13ਕੀ ਏਹ ਛੋਟੀ ਗੱਲ ਹੈ ਕਿ ਤੂੰ ਸਾਨੂੰ ਇੱਕ ਦੇਸ ਤੋਂ ਉਤਾਹਾਂ ਕੱਢ
ਲਿਆਇਆ ਹੈਂ ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਸੀ ਤਾਂ ਜੋ ਸਾਨੂੰ ਉਜਾੜ ਵਿੱਚ ਮਾਰੇਂ ਅਤੇ ਹੁਣ
ਧੱਕੋ ਧੱਕੀ ਸਾਡੇ ਉੱਤੇ ਆਪਣੇ ਆਪ ਨੂੰ ਪਾਤਸ਼ਾਹ ਬਣਾਈ ਬੈਠਾ ਹੈ? 14ਨਾਲੇ ਤੂੰ ਸਾਨੂੰ ਅਜਿਹੇ ਦੇਸ
ਵਿੱਚ ਵੀ ਨਹੀਂ ਲਿਆਂਦਾ ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਹੈ, ਨਾ ਸਾਨੂੰ ਖੇਤਾਂ ਅਤੇ ਬਾਗ਼ਾਂ ਦਾ
ਅਧਕਾਰ ਦਿੱਤਾ ਹੈ। ਕੀ ਤੂੰ ਇਨ੍ਹਾਂ ਮਨੁੱਖਾਂ ਦੀਆਂ ਅੱਖਾਂ ਕੱਢ ਸੁੱਟੇਂਗਾ? ਅਸੀਂ ਤਾਂ ਉੱਪਰ ਨਹੀਂ
ਜਾਣਾ! 15ਤਾਂ ਮੂਸਾ ਡਾਢਾ ਕ੍ਰੋਧਵਾਨ ਹੋਇਆ ਅਤੇ ਉਸ ਨੇ ਯਹੋਵਾਹ ਨੂੰ ਆਖਿਆ, ਤੂੰ ਉਨ੍ਹਾਂ ਦੀ
ਮੈਦੇ ਦੀ ਭੇਟ ਵੱਲ ਨਾ ਵੇਖ! ਮੈਂ ਤਾਂ ਉਨ੍ਹਾਂ ਦੀ ਇੱਕ ਗਧੀ ਵੀ ਨਹੀਂ ਲਈ, ਨਾ ਉਨ੍ਹਾਂ ਵਿੱਚੋਂ ਕਿਸੇ ਦਾ
ਹਰਜ ਕੀਤਾ।**

ਫਿਰ ਵਿਰਤਾਂਤ ਦਾ ਰੁੱਖ ਦੂਜੇ ਵਿਦਰੋਹੀਆਂ ਅਰਥਾਤ ਦਾਥਾਨ ਅਤੇ ਅਬੀਰਾਮ ਵੱਲ ਹੁੰਦਾ ਹੈ। ਇਸ ਸਮੇਂ ਤੱਕ, ਓਨ ਵਿਰਤਾਂਤ ਵਿੱਚੋਂ ਅਲੋਪ ਹੋ ਗਿਆ ਸੀ। ਲਿਖਤ ਵਿਚ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਕਿੰਨਾ ਸਮਾਂ ਬੀਤ ਚੁੱਕਾ ਸੀ, ਪਰ ਜੋ ਕਿਹਾ ਗਿਆ ਹੈ ਉਸ ਵਿੱਚੋਂ ਕੁਝ ਵੀ 12 ਤੋਂ 15 ਆਇਤਾਂ ਵਿਚ ਦਰਜ ਘਟਨਾ ਨੂੰ ਹੋਣ ਤੋਂ ਨਹੀਂ ਰੋਕੇਗਾ ਜੋ 5 ਤੋਂ 11 ਆਇਤਾਂ ਵਿਚ ਕੋਰਹ ਨੂੰ ਮੂਸਾ ਦੀ ਚੁਣੌਤੀ ਤੋਂ ਬਾਅਦ ਵਾਪਰੀ ਸੀ। ਸੰਭਵ ਤੌਰ ਤੇ, ਮੂਸਾ ਦੇ ਕੋਰਹ ਅਤੇ ਉਸ ਦੇ ਸਮਰਥਕਾਂ ਦਾ ਸਾਹਮਣਾ ਕਰਨ ਤੋਂ ਬਾਅਦ, ਉਹ ਉਸ ਸ਼ਰਧਾਂਜਲੀ ਦੇ ਲਈ ਤਿਆਰੀ ਕਰਨ ਵਾਸਤੇ ਨਿੱਕਲ ਗਏ ਜੋ ਜਾਂ ਤਾਂ ਅਗਲੇ ਦਿਨ ਜਾਂ ਸਿਰਫ ਕੁਝ ਘੰਟਿਆਂ ਬਾਅਦ ਦਿੱਤੀ ਜਾਣੀ ਸੀ।

**ਆਇਤ 12. ਤਾਂ ਮੂਸਾ ਨੇ ਅਲੀਆਬ ਦੇ ਪੁੱਤ੍ਰਾਂ ਦਾਥਾਨ ਅਤੇ ਅਬੀਰਾਮ ਨੂੰ ਬੁਲਾ ਘੱਲਿਆ।** ਉਨ੍ਹਾਂ ਦਾ ਅਪਰਾਧ ਗੰਭੀਰ ਸੀ; ਉਨ੍ਹਾਂ ਨੂੰ ਮੂਸਾ ਨੂੰ ਖ਼ਬਰ ਕਰਨ ਅਤੇ ਉਨ੍ਹਾਂ ਦੇ ਕੰਮਾਂ ਦੇ ਲਈ ਜਵਾਬ ਦੇਣ ਦਾ ਹੁਕਮ ਦਿੱਤਾ ਗਿਆ ਸੀ। ਦਾਥਾਨ ਅਤੇ ਅਬੀਰਾਮ ਨੇ ਇਹ ਕਹਿੰਦੇ ਹੋਏ ਮੂਸਾ ਦੇ ਬੁਲਾਵੇ ਦੀ ਨਿਰਾਦਰੀ ਕੀਤੀ ਸੀ ਕਿ **ਅਸੀਂ ਨਹੀਂ ਆਵਾਂਗੇ।**

**ਆਇਤਾਂ 13, 14.** ਪਰਮੇਸ਼ੁਰ ਦੇ ਬੁਲਾਰੇ ਦੀ ਆਗਿਆ ਮੰਨਣ ਦੀ ਬਜਾਇ, ਉਨ੍ਹਾਂ ਨੇ ਮੂਸਾ ਤੇ ਇਸਰਾਏਲੀਆਂ ਨੂੰ **ਉਸ ਦੇਸ ਵਿੱਚ ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਹੈ** ਲਿਆਉਣ ਵਿਚ ਆਪਣੇ ਵਾਅਦੇ ਨੂੰ ਪੂਰਾ ਕਰਨ ਵਿਚ ਅਸਫ਼ਲ ਹੋਣ ਅਤੇ ਉਨ੍ਹਾਂ ਨੂੰ **ਖੇਤਾਂ ਅਤੇ ਬਾਗ਼ਾਂ ਦਾ ਅਧਕਾਰ** ਦੇਣ ਵਿਚ ਅਸਫ਼ਲ ਹੋਣ ਦਾ ਦੋਸ਼ ਲਾਇਆ ਸੀ। ਇਸ ਦੀ ਬਜਾਇ, ਉਨ੍ਹਾਂ ਨੇ ਆਖਿਆ ਕਿ ਮੂਸਾ ਉਨ੍ਹਾਂ ਨੂੰ **ਇੱਕ ਦੇਸ ਤੋਂ ਉਤਾਹਾਂ ਕੱਢ ਲਿਆਇਆ ਸੀ ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਸੀ ਤਾਂ ਜੋ** [ਉਨ੍ਹਾਂ ਨੂੰ] **ਉਜਾੜ ਵਿੱਚ ਮਾਰੇ।** ਦਾਥਾਨ ਅਤੇ ਅਬੀਰਾਮ ਨੇ ਬੁਲੰਦ ਭਾਸ਼ਾ ਨੂੰ ਆਮ ਤੌਰ ਤੇ ਲਿਆ ਜੋ ਕਨਾਨ ਦੇ ਲਈ ਰੱਖੀ ਗਈ ਸੀ ("ਦੇਸ ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਹੈ") ਅਤੇ ਇਸ ਨੂੰ ਮਿਸਰ ਦਾ ਵਰਣਨ ਕਰਨ ਦੇ ਲਈ ਵਰਤਿਆ। ਕਿਉਂਕਿ ਇਸਰਾਏਲੀ ਉੱਥੇ ਗੁਲਾਮ ਰਹੇ ਸਨ, ਉਨ੍ਹਾਂ ਨੇ ਸਪੱਸ਼ਟ ਤੌਰ ਤੇ ਮਿਸਰ ਵਿਚ ਬਿਤਾਏ ਗਏ ਜੀਵਨ ਨੂੰ ਉਸ ਨਾਲੋਂ ਬਿਹਤਰ ਢੰਗ ਨਾਲ ਚੇਤੇ ਕੀਤਾ ਜੋ ਇਹ ਅਸਲ ਵਿਚ ਸੀ (11:5 ਤੇ ਟਿੱਪਣੀਆਂ ਵੇਖੋ)। ਇਹ ਮਨੁੱਖ ਸੱਚਮੁੱਚ "ਉਜਾੜ ਵਿੱਚ ਮਰਨਗੇ," ਪਰ ਇਹ ਮੂਸਾ ਦੀ ਗਲਤੀ ਨਹੀਂ ਹੋਵੇਗੀ। ਉਨ੍ਹਾਂ ਦੀ ਮੌਤ ਉਨ੍ਹਾਂ ਦੇ ਆਪਣੇ ਵਿਦਰੋਹ ਦੇ ਕਾਰਨ ਰੱਬੀ ਨਿਆਉਂ ਦੇ ਰੂਪ ਵਿਚ ਆਵੇਗੀ (16:25-34)।

ਦਾਥਾਨ ਅਤੇ ਅਬੀਰਾਮ ਨੇ ਵੀ ਮੂਸਾ ਦੇ ਆਗੂ ਹੋਣ ਦਾ ਵਿਰੋਧ ਕੀਤਾ ਅਤੇ ਦਾਅਵਾ ਕੀਤਾ ਕਿ ਉਸ ਨੇ ਉਨ੍ਹਾਂ ਨਾਲ **ਧੱਕੋ ਧੱਕੀ** ਕੀਤੀ ਸੀ। ਕਿਰਿਆ שָׂרַר *(ਸਰਰ)* ਦਾ ਅਨੁਵਾਦ "ਪਾਤਸ਼ਾਹ ਵਜੋਂ ਕੰਮ ਕਰਨਾ" ਵੀ ਕੀਤਾ ਜਾ ਸਕਦਾ ਹੈ (ਵੇਖੋ KJV; REB; ESV)। NLT ਬਾਈਬਲ ਆਖਦੀ ਹੈ, "ਕਿ ਹੁਣ ਤੂੰ ਸਾਡੇ ਨਾਲ ਆਪਣੇ ਗੁਲਾਮਾਂ ਵਰਗਾ ਵਿਹਾਰ ਕਰਦਾ ਹੈਂ।"

ਇਹ ਪੁੱਛਣ ਤੋਂ ਬਾਅਦ ਕਿ **ਕੀ ਤੂੰ ਇਨ੍ਹਾਂ ਮਨੁੱਖਾਂ ਦੀਆਂ ਅੱਖਾਂ ਕੱਢ ਸੁੱਟੇਂਗਾ?** ਉਨ੍ਹਾਂ ਨੇ ਫੇਰ ਇਹ ਕਹਿੰਦੇ ਹੋਏ ਮੂਸਾ ਦੀ ਬੇਨਤੀ ਨੂੰ ਠੁਕਰਾ ਦਿੱਤਾ ਕਿ **ਅਸੀਂ ਤਾਂ ਉੱਪਰ ਨਹੀਂ ਜਾਣਾ!** ਇਸ ਸਵਾਲ ਤੋਂ ਵਿਦਰੋਹ ਕਰਨ ਵਾਲਿਆਂ ਦਾ ਕੀ ਅਰਥ ਸੀ? ਇਕ ਸੰਭਾਵਨਾ ਇਹ ਹੈ ਕਿ ਉਹ ਉਸ ਤੇ ਉਨ੍ਹਾਂ ਨੂੰ ਹਾਨੀ ਪਹੁੰਚਾਉਣ ਦਾ ਦੋਸ਼ ਲਾ ਰਹੇ ਸਨ। ਪ੍ਰਾਚੀਨ ਮਸੋਪੋਤਾਮੀਆ ਵਿਚ ਦੁਸ਼ਮਣ ਦੀਆਂ ਅੱਖਾਂ ਕੱਢਣਾ ਇਕ ਆਮ ਪ੍ਰਥਾ ਸੀ (ਨਿਆਈਆਂ 16:21; 2 ਰਾਜਿਆਂ 25:7)।

**ਆਇਤ 15.** ਮੂਸਾ ਨੇ ਉਨ੍ਹਾਂ ਦੇ ਉੱਤਰ ਦਾ ਜਵਾਬ **ਡਾਢਾ ਕ੍ਰੋਧਵਾਨ** ਹੋ ਕੇ ਅਤੇ ਪਰਮੇਸ਼ੁਰ ਨੂੰ ਉਨ੍ਹਾਂ ਦੀ **ਭੇਟ ਵੱਲ ਨਾ ਵੇਖਣ** ਦੀ ਬੇਨਤੀ ਕਰਕੇ ਦਿੱਤਾ। ਰੌਏ ਗੇਨ ਨੇ ਟਿੱਪਣੀ ਕੀਤੀ ਸੀ ਕਿ "ਇਹੋ ਇਕਮਾਤਰ ਥਾਂ ਹੈ ਜਿੱਥੇ ਪੰਚਗ੍ਰੰਥ ਕਹਿੰਦਾ ਹੈ ਕਿ ਮੂਸਾ '*ਡਾਢਾ* ਕ੍ਰੋਧਵਾਨ' ਸੀ।"[2] ਮੂਸਾ ਪਰਮੇਸ਼ੁਰ ਨੂੰ ਵਿਦਰੋਹੀਆਂ ਦੀ ਭੇਟ ਨੂੰ ਕਬੂਲ ਨਾ ਕਰਨ ਜਾਂ ਇਸ ਨੂੰ ਕਿਰਪਾਪੂਰਵਕ ਨਾ ਵੇਖਣ ਦੇ ਲਈ ਆਖ ਰਿਹਾ ਸੀ। ਉਸ ਨੇ ਪ੍ਰਾਰਥਨਾ ਕੀਤੀ, **ਮੈਂ ਤਾਂ ਉਨ੍ਹਾਂ ਦੀ ਇੱਕ ਗਧੀ ਵੀ ਨਹੀਂ ਲਈ,**

**ਨਾ ਉਨ੍ਹਾਂ ਵਿੱਚੋਂ ਕਿਸੇ ਦਾ ਹਰਜ ਕੀਤਾ।** ਸ਼ਾਇਦ ਇਸ ਕਥਨ ਦਾ ਉਦੇਸ਼ ਇਹ ਵਿਰੋਧ ਕਰਨਾ ਸੀ ਕਿ ਇਸ ਮਾਮਲੇ ਵਿਚ ਉਹ ਕਿਸੇ ਵੀ ਗਲਤੀ ਤੋਂ ਬੇਕਸੂਰ ਸੀ (ਵੇਖੋ 1 ਸਮੂਏਲ 12:3); ਉਸ ਨੇ ਬੁਰੇ ਵਰਤਾਓ ਦੁਆਰਾ ਵਿਦੋਰਹ ਨੂੰ ਨਹੀਂ ਸੀ ਭੜਕਾਇਆ।

## ਚੌਥਾ ਦ੍ਰਿਸ਼: ਪ੍ਰਦਰਸ਼ਨ (16:16-22)

**[16]ਮੂਸਾ ਨੇ ਕੋਰਹ ਨੂੰ ਆਖਿਆ, ਤੂੰ ਅਤੇ ਤੇਰੀ ਸਾਰੀ ਟੋਲੀ ਕੱਲ ਨੂੰ ਯਹੋਵਾਹ ਅੱਗੇ ਹਾਜ਼ਰ
ਹੋਵੇ, ਤੂੰ ਅਤੇ ਓਹ ਅਤੇ ਹਾਰੂਨ। [17]ਤੁਹਾਡੇ ਵਿੱਚੋਂ ਹਰ ਮਨੁੱਖ ਆਪਣਾ ਧੂਪਦਾਨ ਲਵੇ ਅਤੇ ਤੁਸੀਂ
ਉਨ੍ਹਾਂ ਵਿੱਚ ਧੂਪ ਪਾਓ ਅਤੇ ਹਰ ਮਨੁੱਖ ਆਪਣਾ ਧੂਪਦਾਨ ਅਰਥਾਤ ਢਾਈ ਸੌ ਧੂਪਦਾਨ, ਤੂੰ ਵੀ
ਅਤੇ ਹਾਰੂਨ ਵੀ ਹਰ ਇੱਕ ਆਪੋ ਆਪਣਾ ਧੂਪਦਾਨ ਯਹੋਵਾਹ ਅੱਗੇ ਲਿਆਓ। [18]ਤਾਂ ਹਰ ਮਨੁੱਖ
ਨੇ ਆਪਣਾ ਆਪਣਾ ਧੂਪਦਾਨ ਲੈ ਕੇ ਉਸ ਉੱਤੇ ਅੱਗ ਪਾਈ ਅਤੇ ਉਨ੍ਹਾਂ ਉੱਤੇ ਧੂਪ ਵੀ ਪਾਈ ਅਤੇ
ਮੂਸਾ ਅਰ ਹਾਰੂਨ ਸਣੇ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਖਲੋ ਗਏ। [19]ਤਾਂ ਕੋਰਹ ਨੇ ਸਾਰੀ ਟੋਲੀ
ਨੂੰ ਉਨ੍ਹਾਂ ਦੇ ਵਿਰੁੱਧ ਮੰਡਲੀ ਦੇ ਤੰਬੂ ਦੇ ਦਰਵੱਜੇ ਉੱਤੇ ਇਕੱਠਾ ਕੀਤਾ ਤਦ ਯਹੋਵਾਹ ਦਾ ਪਰਤਾਪ
ਸਾਰੀ ਮੰਡਲੀ ਉੱਤੇ ਪਰਗਟ ਹੋਇਆ। [20]ਤਾਂ ਯਹੋਵਾਹ ਮੂਸਾ ਨਾਲ ਅਤੇ ਹਾਰੂਨ ਨਾਲ ਬੋਲਿਆ,
[21]ਏਸ ਮੰਡਲੀ ਦੇ ਵਿੱਚੋਂ ਤੁਸੀਂ ਆਪਣੇ ਆਪ ਨੂੰ ਇੱਕ ਪਾਸੇ ਕਰ ਲਓ ਕਿ ਮੈਂ ਉਨ੍ਹਾਂ ਨੂੰ ਇੱਕ ਅੱਖ ਦੇ
ਫੋਰ ਵਿੱਚ ਭੱਖ ਲਵਾਂ। [22]ਤਾਂ ਓਹ ਮੂੰਹ ਦੇ ਭਾਰ ਡਿੱਗ ਪਏ ਅਤੇ ਆਖਿਆ, ਹੇ ਪਰਮੇਸ਼ੁਰ, ਤੂੰ ਜੋ
ਸਾਰੇ ਸਰੀਰਾਂ ਦੀਆਂ ਆਤਮਾਂ ਦਾ ਪਰਮੇਸ਼ੁਰ ਹੈਂ, ਕੀ ਜੇ ਇੱਕ ਮਨੁੱਖ ਪਾਪ ਕਰੇ ਤਾਂ ਤੂੰ ਸਾਰੀ
ਮੰਡਲੀ ਦੇ ਵਿਰੁੱਧ ਕ੍ਰੋਧਵਾਨ ਹੋਵੇਂਗਾ?**

**ਆਇਤਾਂ 16-18.** ਫਿਰ ਦ੍ਰਿਸ਼ **ਕੋਰਹ** ਅਤੇ ਉਸ ਦੇ ਸਮਰਥਕਾਂ ਵੱਲ ਵਾਪਸ ਬਦਲ ਜਾਂਦਾ ਹੈ। ਮੂਸਾ ਨੇ ਫੇਰ ਉਨ੍ਹਾਂ ਨੂੰ ਹਦਾਇਤ ਦਿੱਤੀ ਸੀ ਕਿ ਅਗਲੇ ਦਿਨ ਉਨ੍ਹਾਂ ਨੇ ਕੀ ਕਰਨਾ ਸੀ। 250 ਪਰਧਾਨਾਂ ਵਿੱਚੋਂ ਹਰੇਕ ਕੋਲ ਅੱਗ ਜਾਂ ਕੋਲਿਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਦੇ ਲਈ ਵਰਤਣ ਵਾਸਤੇ ਨਾ ਸਿਰਫ ਇਕ **ਧੂਪਦਾਨ** ਤਿਆਰ ਹੋਣਾ ਚਾਹੀਦਾ ਸੀ, ਪਰ ਕੋਰਹ ਅਤੇ **ਹਾਰੂਨ** ਨੇ ਵੀ ਆਪੋ ਆਪਣਾ ਧੂਪਦਾਨ ਮੁਕਾਬਲੇ ਲਈ ਲੈ ਕੇ ਆਉਣਾ ਸੀ।

ਲਿਖਤ ਆਖਦੀ ਹੈ, **ਤੁਹਾਡੇ ਵਿੱਚੋਂ ਹਰ ਮਨੁੱਖ ਆਪਣਾ ਧੂਪਦਾਨ ਲਵੇ**। ਕਿਉਂਕਿ ਉਹ ਲੜਾਈ ਜਿਸ ਦਾ ਮੂਸਾ ਨੇ ਪ੍ਰਸਤਾਵ ਰੱਖਿਆ ਸੀ "ਕੱਲ੍ਹ" ਹੋਣੀ ਸੀ, ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ 18 ਤੋਂ 22 ਆਇਤਾਂ ਉਨ੍ਹਾਂ ਘਟਨਾਵਾਂ ਦਾ ਵਰਣਨ ਕਰਦੀਆਂ ਹਨ ਜੋ ਅਸਲੀ ਟਾਕਰੇ ਤੋਂ ਇਕ ਦਿਨ ਬਾਅਦ ਵਾਪਰੀਆਂ ਸਨ।

ਵਿਦਰੋਹੀਆਂ ਨੇ ਉਹੀ ਕੀਤਾ ਜੋ ਮੂਸਾ ਨੇ ਆਖਿਆ ਸੀ। ਹਰ ਮਨੁੱਖ ਨੇ **ਆਪਣਾ ਧੂਪਦਾਨ** ਲਿਆ, **ਉਸ ਉੱਤੇ ਅੱਗ** [ਬਲਦੇ ਕੋਲੇ] **ਪਾਈ ਅਤੇ ਫਿਰ ਮੂਸਾ ਅਰ ਹਾਰੂਨ ਸਣੇ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਖਲੋ ਕੇ ਉਨ੍ਹਾਂ ਉੱਤੇ ਧੂਪ ਵੀ ਪਾਈ।**

**ਆਇਤ 19. ਕੋਰਹ** ਨੇ **ਸਾਰੀ ਟੋਲੀ** ਨੂੰ ਇਕੱਠਾ ਕੀਤਾ ਜਿਹੜੀ ਮੂਸਾ ਅਤੇ ਹਾਰੂਨ ਦੇ **ਵਿਰੁੱਧ** ਸੀ, ਸ਼ਾਇਦ ਉਹ ਲੜਾਈ ਵਿਚ ਉਨ੍ਹਾਂ ਨਾਲ ਆਪਣੀ ਬਰਾਬਰੀ ਵਿਖਾਉਣ ਦੀ ਯੋਜਨਾ ਬਣਾ ਰਿਹਾ ਸੀ। ਜਦੋਂ ਉਹ **ਮੰਡਲੀ ਦੇ ਤੰਬੂ ਦੇ ਦਰਵੱਜੇ ਉੱਤੇ ਇਕੱਠੇ ਹੋਏ**, ਪਰਮੇਸ਼ੁਰ ਨੇ ਆਪਣੀ ਹਜ਼ੂਰੀ ਨੂੰ ਪਰਗਟ ਕੀਤਾ। ਅਸੀਂ ਪੜ੍ਹਦੇ ਹਾਂ ਕਿ **ਯਹੋਵਾਹ ਦਾ ਪਰਤਾਪ ਸਾਰੀ ਮੰਡਲੀ ਉੱਤੇ ਪਰਗਟ ਹੋਇਆ।** ਜਿਵੇਂ ਕਿ ਪਹਿਲਾਂ ਵੀ ਹੋਇਆ ਸੀ (12:5; 14:10), ਪਰਮੇਸ਼ੁਰ ਨੇ ਖੁਦ ਕਾਰਵਾਈਆਂ ਵਿਚ ਦਖ਼ਲਅੰਦਾਜ਼ੀ ਕੀਤੀ।

**ਆਇਤਾਂ 20-22.** ਪਰਮੇਸ਼ੁਰ ਨੇ ਮੂਸਾ ਅਤੇ ਹਾਰੂਨ ਨੂੰ ਆਖਿਆ, **ਏਸ ਮੰਡਲੀ ਦੇ ਵਿੱਚੋਂ**

**ਤੁਸੀਂ ਆਪਣੇ ਆਪ ਨੂੰ ਇੱਕ ਪਾਸੇ ਕਰ ਲਓ ਕਿ ਮੈਂ ਉਨ੍ਹਾਂ ਨੂੰ ਇੱਕ ਅੱਖ ਦੇ ਫੋਰ ਵਿੱਚ ਭੱਖ ਲਵਾਂ।** ਜਿਹੜੇ "ਵੀਹ ਵਰਿਹਾਂ ਦੇ ਅਤੇ ਉਸ ਦੇ ਉੱਪਰ ਦੇ" ਸਨ ਉਨ੍ਹਾਂ ਨੂੰ ਵਾਅਦੇ ਦੀ ਧਰਤੀ ਨੂੰ ਅਧਕਾਰ ਵਿਚ ਲਏ ਬਿਨ੍ਹਾਂ ਪਹਿਲਾਂ ਤੋਂ ਹੀ ਉਜਾੜ ਵਿਚ ਮਰਨ ਦੀ ਸਜ਼ਾ ਦਿੱਤੀ ਗਈ ਸੀ (14:29, 30)। ਪਰ, ਇਸ ਸਮੇਂ ਤੇ, ਪਰਮੇਸ਼ੁਰ ਉਨ੍ਹਾਂ ਨੂੰ ਤੁਰੰਤ ਨਾਸ ਕਰਨ ਬਾਰੇ ਸੋਚ ਰਿਹਾ ਸੀ।

ਇਸਰਾਏਲ ਦੇ ਦੋ ਆਗੂ, ਵੱਡੀ ਦਰਿਆਦਿਲੀ ਵਿਖਾਉਂਦੇ ਹੋਏ (ਆਖ਼ਰਕਾਰ, ਉਨ੍ਹਾਂ ਨੂੰ ਠੁਕਰਾਇਆ ਜਾ ਰਿਹਾ ਸੀ), **ਆਪਣੇ ਮੂੰਹ ਭਾਰ ਡਿੱਗੇ** (16:4, 45) ਅਤੇ ਉਨ੍ਹਾਂ ਨੇ ਪਰਮੇਸ਼ੁਰ ਦੇ ਅੱਗੇ ਮਿੰਨਤ ਕੀਤੀ ਕਿ ਪਰਮੇਸ਼ੁਰ ਕੁਝ ਲੋਕਾਂ ਦੇ ਪਾਪ ਦੇ ਕਾਰਨ ਪੂਰੇ ਸਮੂਹ ਨੂੰ ਨਾਸ ਨਾ ਕਰੇ। ਉਨ੍ਹਾਂ ਨੇ ਪੁੱਛਿਆ, **ਕੀ ਜੇ ਇੱਕ ਮਨੁੱਖ ਪਾਪ ਕਰੇ ਤਾਂ ਤੂੰ ਸਾਰੀ ਮੰਡਲੀ ਦੇ ਵਿਰੁੱਧ ਕ੍ਰੋਧਵਾਨ ਹੋਵੇਂਗਾ?** ਉਹ ਇਹ ਦਲੀਲ ਦੇ ਰਹੇ ਸਨ ਕਿ ਕੁਝ ਲੋਕਾਂ ਦੇ ਪਾਪਾਂ ਦੇ ਕਾਰਨ ਸਾਰਿਆਂ ਨੂੰ ਨਾਸ ਕਰਨਾ ਉਚਿਤ ਨਹੀਂ ਹੋਵੇਗਾ।[3] ਸਮੁੱਚੀ ਕੌਮ ਦੀ ਤੁਲਨਾ ਵਿਚ, ਵਿਦਰੋਹ ਕਰਨ ਵਾਲੇ "ਥੋੜ੍ਹੇ ਜਿਹੇ" ਸਨ। ਪਰਮੇਸ਼ੁਰ ਨੇ ਉਨ੍ਹਾਂ ਦੀ ਮਿੰਨਤ ਨੂੰ ਸਵੀਕਾਰ ਕਰ ਲਿਆ ਹੋਵੇਗਾ, ਕਿਉਂਕਿ ਪਰਮੇਸ਼ੁਰ ਨੇ ਆਪਣੇ ਕ੍ਰੋਧ ਨੂੰ ਮੰਡਲੀ ਵੱਲੋਂ ਵਿਦਰੋਹ ਕਰਨ ਵਾਲੇ ਆਗੂਆਂ ਦੇ ਵੱਲ ਮੋੜ ਲਿਆ ਸੀ।

## ਪੰਜਵਾਂ ਦ੍ਰਿਸ਼: ਨਿਆਉਂ (16:23-34)

**23ਤਾਂ ਯਹੋਵਾਹ ਮੂਸਾ ਨਾਲ ਬੋਲਿਆ, 24ਮੰਡਲੀ ਨੂੰ ਬੋਲ ਕਿ ਓਹ ਕੋਰਹ ਅਤੇ ਦਾਥਾਨ ਅਤੇ
ਅਬੀਰਾਮ ਦੀ ਵੱਸੋਂ ਦੇ ਆਲਿਓਂ ਦੁਆਲਿਓਂ ਉਤਾਹਾਂ ਚੱਲੇ ਜਾਣ। 25ਸੋ ਮੂਸਾ ਉੱਠ ਕੇ ਦਾਥਾਨ ਅਤੇ
ਅਬੀਰਾਮ ਦੇ ਕੋਲ ਗਿਆ ਅਤੇ ਇਸਰਾਏਲ ਦੇ ਬਜ਼ੁਰਗ ਵੀ ਉਸ ਦੇ ਪਿੱਛੇ ਪਿੱਛੇ ਗਏ। 26ਉਹ
ਮੰਡਲੀ ਨੂੰ ਬੋਲਿਆ ਕਿ ਇਨ੍ਹਾਂ ਦੁਸ਼ਟ ਮਨੁੱਖਾਂ ਦੇ ਤੰਬੂਆਂ ਤੋਂ ਇੱਕ ਪਾਸੇ ਹੋ ਕੇ ਖਿਸਕ ਜਾਓ ਅਤੇ
ਉਨ੍ਹਾਂ ਦੀ ਕਿਸੇ ਸ਼ੈ ਨੂੰ ਨਾ ਤੱਕਿਓ ਮਤੇ ਤੁਸੀਂ ਵੀ ਉਨ੍ਹਾਂ ਦੇ ਸਾਰੇ ਪਾਪਾਂ ਵਿੱਚ ਧੱਕੇ ਜਾਓ! 27ਸੋ ਓਹ
ਕੋਰਹ ਅਤੇ ਦਾਥਾਨ ਅਤੇ ਅਬੀਰਾਮ ਦੀ ਵੱਸੋਂ ਦੇ ਆਲਿਓਂ ਦੁਆਲਿਓਂ ਉਤਾਹਾਂ ਨੂੰ ਚੱਲੇ ਗਏ ਤਾਂ
ਦਾਥਾਨ ਅਤੇ ਅਬੀਰਾਮ ਬਾਹਰ ਆਏ ਅਤੇ ਆਪਣੇ ਤੰਬੂਆਂ ਦੇ ਦਰਵੱਜਿਆਂ ਵਿੱਚ ਆਪਣੀਆਂ
ਤੀਵੀਆਂ, ਪੁੱਤ੍ਰਾਂ ਅਤੇ ਨਿਆਣਿਆਂ ਸਣੇ ਖਲੋ ਗਏ। 28ਫੇਰ ਮੂਸਾ ਨੇ ਆਖਿਆ, ਤੁਸੀਂ ਏਸ ਤੋਂ ਜਾਣ
ਲਓਗੇ ਕਿ ਯਹੋਵਾਹ ਨੇ ਮੈਨੂੰ ਘੱਲਿਆ ਹੈ ਨਾ ਕਿ ਮੇਰੇ ਮਨ ਨੇ ਜੋ ਮੈਂ ਇਨ੍ਹਾਂ ਸਾਰਿਆਂ ਕੰਮਾਂ ਨੂੰ
ਕਰਾਂ। 29ਜੇ ਏਹ ਸਾਰਿਆਂ ਆਦਮੀਆਂ ਦੀ ਆਮ ਮੌਤੇ ਮਰਨ ਅਤੇ ਸਾਰਿਆਂ ਆਦਮੀਆਂ ਵਾਂਙੁ
ਇਨ੍ਹਾਂ ਉੱਤੇ ਭਾਣਾ ਵਰਤੇ ਤਾਂ ਯਹੋਵਾਹ ਨੇ ਮੈਨੂੰ ਘੱਲਿਆ ਹੀ ਨਹੀਂ। 30ਪਰ ਜੇ ਯਹੋਵਾਹ ਕੋਈ
ਅਣੋਖਾ ਕੰਮ ਕਰੇ ਅਤੇ ਭੂਮੀ ਆਪਣਾ ਮੂੰਹ ਖੋਲ੍ਹ ਕੇ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਲਕੇ ਤੁਕੇ ਨੂੰ ਭੱਖ ਲਵੇ
ਭਈ ਓਹ ਜੀਉਂਦੇ ਪਤਾਲ ਵਿੱਚ ਉਤਰ ਜਾਣ ਤਾਂ ਤੁਸੀਂ ਜਾਣ ਲਿਓ ਕਿ ਇਨ੍ਹਾਂ ਮਨੁੱਖਾਂ ਨੇ ਯਹੋਵਾਹ
ਨੂੰ ਤੁੱਛ ਜਾਤਾ ਹੈ! 31ਤਾਂ ਐਉਂ ਹੋਇਆ ਕਿ ਜਦ ਉਹ ਏਹ ਸਾਰੀਆਂ ਗੱਲਾਂ ਬੋਲ ਚੁੱਕਿਆ ਤਾਂ ਭੂਮੀ
ਜਿਹੜੀ ਉਨ੍ਹਾਂ ਦੇ ਹੇਠ ਸੀ ਪਾਟ ਗਈ। 32ਅਤੇ ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਨ੍ਹਾਂ ਨੂੰ ਅਤੇ
ਉਨ੍ਹਾਂ ਦੇ ਘਰਾਣਿਆਂ ਨੂੰ ਅਤੇ ਸਾਰੇ ਆਦਮੀਆਂ ਨੂੰ ਜਿਹੜੇ ਕੋਰਹ ਵੱਲ ਸਨ ਅਤੇ ਉਨ੍ਹਾਂ ਦਾ ਸਾਰਾ
ਲਕਾ ਤੁਕਾ ਭੱਖ ਲਿਆ। 33ਇਉਂ ਓਹ ਅਤੇ ਉਨ੍ਹਾਂ ਦੇ ਨਾਲ ਦੇ ਜੀਉਂਦੇ ਜੀ ਪਤਾਲ ਵਿੱਚ ਉਤਰ
ਗਏ ਅਤੇ ਧਰਤੀ ਉਨ੍ਹਾਂ ਉੱਤੇ ਮਿਲ ਗਈ ਸੋ ਓਹ ਸਭਾ ਵਿੱਚੋਂ ਨਾਸ ਹੋ ਗਏ। 34ਤਾਂ ਸਾਰੇ ਇਸਰਾਏਲੀ
ਜਿਹੜੇ ਉਨ੍ਹਾਂ ਦੇ ਆਲੇ ਦੁਆਲੇ ਸਨ ਉਨ੍ਹਾਂ ਦੀਆਂ ਚੀਕਾਂ ਤੋਂ ਨੱਠ ਗਏ ਕਿਉਂ ਜੋ ਉਨ੍ਹਾਂ ਨੇ ਆਖਿਆ,
ਮਤੇ ਧਰਤੀ ਸਾਨੂੰ ਵੀ ਭੱਖ ਲਵੇ!**

ਦ੍ਰਿਸ਼ ਇਕ ਵਾਰ ਫੇਰ ਡੇਹਰੇ ਦੀ ਵੱਲੋਂ ਵਿਦਰੋਹ ਕਰਨ ਵਾਲੇ ਆਗੂਆਂ ਦੇ ਤੰਬੂਆਂ ਵੱਲ ਬਦਲ ਗਿਆ। ਪਰ, ਵਿਸ਼ਾ ਉਹੀ ਰਹਿੰਦਾ ਹੈ: ਪਰਮੇਸ਼ੁਰ ਉਨ੍ਹਾਂ ਨੂੰ ਨਾਸ ਕਰ ਦੇਵੇਗਾ ਜਿਹੜੇ ਉਸ ਦੇ

ਨਿਯੁਕਤ ਕੀਤੇ ਹੋਏ ਆਗੂਆਂ ਨੂੰ ਚੁਣੌਤੀ ਦਿੰਦੇ ਹਨ।

**ਆਇਤਾਂ 23-30. ਯਹੋਵਾਹ ਮੂਸਾ ਨਾਲ ਬੋਲਿਆ** ਕਿ ਉਹ **ਮੰਡਲੀ ਨੂੰ** ਚਿਤਾਵਨੀ ਦੇਵੇ ਕਿ **ਓਹ ਕੋਰਹ ਅਤੇ ਦਾਥਾਨ ਅਤੇ ਅਬੀਰਾਮ ਦੀ ਵੱਸੋਂ ਦੇ ਆਲਿਓਂ ਦੁਆਲਿਓਂ ਉਤਾਹਾਂ ਚੱਲੇ ਜਾਣ।** ਮੂਸਾ, ਇਸਰਾਏਲ ਦੇ ਬਜ਼ੁਰਗ ਵੀ ਉਸ ਦੇ ਪਿੱਛੇ ਪਿੱਛੇ, ਦਾਥਾਨ ਅਤੇ ਅਬੀਰਾਮ ਦੇ ਕੋਲ ਗਿਆ ਅਤੇ ਫਿਰ ਮੰਡਲੀ ਨੂੰ ਚਿਤਾਵਨੀ ਦਿੱਤੀ ਕਿ **ਇਨ੍ਹਾਂ ਦੁਸ਼ਟ ਮਨੁੱਖਾਂ ਦੇ ਤੰਬੂਆਂ ਤੋਂ ਇੱਕ ਪਾਸੇ ਹੋ ਕੇ ਖਿਸਕ ਜਾਓ ਅਤੇ ਉਨ੍ਹਾਂ ਦੀ ਕਿਸੇ ਸ਼ੈ ਨੂੰ ਨਾ ਤੱਕਿਓ ਮਤੇ ਤੁਸੀਂ ਵੀ ਉਨ੍ਹਾਂ ਦੇ ਸਾਰੇ ਪਾਪਾਂ ਵਿੱਚ ਧੱਕੇ ਜਾਓ।** ਪਰਜਾ ਨੇ ਉਸ ਦੀ ਗੱਲ ਮੰਨ ਲਈ।

ਵਿਦਰੋਹ ਕਰਨ ਵਾਲੇ ਜ਼ਬਰਦਸਤੀ **ਬਾਹਰ ਆਏ ਅਤੇ ਆਪਣੇ ਤੰਬੂਆਂ ਦੇ ਦਰਵੱਜਿਆਂ ਵਿੱਚ ਆਪਣੀਆਂ ਤੀਵੀਆਂ, ਪੁੱਤ੍ਰਾਂ ਅਤੇ ਨਿਆਣਿਆਂ ਸਣੇ ਖਲੋ ਗਏ।** ਮੂਸਾ ਨੇ ਉਨ੍ਹਾਂ ਨੂੰ ਸੰਬੋਧਿਤ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਨਾਲ ਕੀ ਕੀਤਾ ਜਾਣ ਵਾਲਾ ਸੀ। ਇਸ ਤੋਂ, ਉਹ ਅਤੇ ਸਾਰੀ ਪਰਜਾ **ਜਾਣ ਲਵੇਗੀ ਕਿ ਯਹੋਵਾਹ ਨੇ** ਮੂਸਾ ਨੂੰ **ਇਨ੍ਹਾਂ ਸਾਰਿਆਂ ਕੰਮਾਂ ਨੂੰ ਕਰਨ** ਦਾ ਇਖ਼ਤਿਆਰ ਦਿੱਤਾ ਸੀ। ਉਸ ਨੇ ਆਖਿਆ ਕਿ ਜੇ ਉਨ੍ਹਾਂ ਨਾਲ ਕੋਈ **ਅਣੋਖਾ ਕੰਮ** ਹੋਵੇ - ਜੇ **ਭੂਮੀ ਆਪਣਾ ਮੂੰਹ ਖੋਲ੍ਹ ਕੇ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਲਕੇ ਤੁਕੇ ਨੂੰ ਭੱਖ ਲਵੇ ਭਈ ਓਹ ਜੀਉਂਦੇ ਪਤਾਲ ਵਿੱਚ ਉਤਰ ਜਾਣ** - ਤਾਂ ਇਹ ਸਾਬਤ ਹੋ ਜਾਵੇਗਾ ਕਿ **ਇਨ੍ਹਾਂ ਮਨੁੱਖਾਂ ਨੇ ਯਹੋਵਾਹ ਨੂੰ ਤੁੱਛ ਜਾਤਾ** [ਸੀ]। ਜੇਕਰ ਕੁਝ ਨਾ ਹੋਵੇ ਅਤੇ ਇਸ ਦੀ ਬਜਾਇ **ਸਾਰਿਆਂ ਆਦਮੀਆਂ ਵਾਂਙੁ ਇਨ੍ਹਾਂ ਉੱਤੇ ਭਾਣਾ ਵਰਤੇ** (ਉਹ ਬਾਅਦ ਵਿਚ ਕੁਦਰਤੀ ਮੌਤ ਮਰਨਗੇ), ਮੂਸਾ ਨੇ ਆਖਿਆ ਕਿ ਇਹ ਇਸ ਗੱਲ ਦਾ ਸੰਕੇਤ ਹੋਵੇਗਾ ਕਿ ਉਸ ਨੂੰ **ਯਹੋਵਾਹ ਨੇ ਘੱਲਿਆ ਹੀ ਨਹੀਂ** ਸੀ।

**ਆਇਤਾਂ 31-33.** ਜਿਵੇਂ ਮੂਸਾ ਨੇ ਪਹਿਲਾਂ ਹੀ ਕਿਹਾ ਸੀ ਬਿਲਕੁਲ ਉਸੇ ਤਰ੍ਹਾਂ ਹੋਇਆ, ਜਦ **ਉਹ ਏਹ ਸਾਰੀਆਂ ਗੱਲਾਂ ਬੋਲ ਚੁੱਕਿਆ।** ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ, **ਭੂਮੀ ... ਪਾਟ ਗਈ ਅਤੇ ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਨ੍ਹਾਂ ਨੂੰ** ਅਤੇ ਉਨ੍ਹਾਂ ਦਾ ਸਾਰਾ ਲਕਾ ਤੁਕਾ **ਭੱਖ ਲਿਆ।** ਇਹ ਅਨੋਖਾ ਅੰਤ **ਸਾਰੇ ਆਦਮੀਆਂ ਜਿਹੜੇ ਕੋਰਹ ਵੱਲ ਸਨ**, ਨਾਲੇ **ਉਨ੍ਹਾਂ ਦੇ ਘਰਾਣਿਆਂ** ਅਤੇ **ਉਨ੍ਹਾਂ ਦੇ ਸਾਰੇ ਲਕੇ ਤੁਕੇ** ਤੇ ਆਇਆ। ਸਾਨੂੰ ਦੱਸਿਆ ਗਿਆ ਹੈ ਕਿ **ਓਹ ਅਤੇ ਉਨ੍ਹਾਂ ਦੇ ਨਾਲ ਦੇ ਜੀਉਂਦੇ ਜੀ ਪਤਾਲ** ਜਾਂ "ਕਬਰ" (NIV; NLT) **ਵਿੱਚ ਉਤਰ ਗਏ।** ਫਿਰ **ਧਰਤੀ ਉਨ੍ਹਾਂ ਉੱਤੇ ਮਿਲ ਗਈ।** ਇਸ ਤਰੀਕੇ ਨਾਲ, ਪਰਮੇਸ਼ੁਰ ਨੇ ਵਿਦਰੋਹ ਦੇ ਤਿੰਨ ਆਗੂਆਂ ਵਿੱਚੋਂ ਦੋ ਦਾ ਨਾਸ ਕੀਤਾ ਅਤੇ **ਓਹ ਸਭਾ ਵਿੱਚੋਂ ਨਾਸ ਹੋ ਗਏ।**

**ਆਇਤ 34. ਸਾਰੇ ਇਸਰਾਏਲੀ** ਜਿਨ੍ਹਾਂ ਨੇ ਇਹ ਭਿਆਣਕ ਨਜ਼ਾਰਾ ਵੇਖਿਆ ਸੀ ਜਦ ਧਰਤੀ ਨੇ ਵਿਦਰੋਹ ਕਰਨ ਵਾਲਿਆਂ ਨੂੰ ਭੱਖ ਲਿਆ ਸੀ ਡਰ ਗਏ ਕਿ ਕਿਤੇ ਉਹ ਵੀ ਨਾਸ ਨਾ ਹੋ ਜਾਣ। ਉਹ **ਨੱਸ ਗਏ**, ਇਹ ਕਹਿੰਦੇ ਹੋਏ ਕਿ **ਮਤੇ ਧਰਤੀ ਸਾਨੂੰ ਵੀ ਭੱਖ ਲਵੇ!** ਸ਼ਾਇਦ, ਵਿਦਰੋਹ ਕਰਨ ਵਾਲਿਆਂ ਦੀ ਮੌਤ ਦੇ ਰਾਹੀਂ ਪਰਮੇਸ਼ੁਰ ਬਾਕੀ ਇਸਰਾਏਲੀਆਂ ਵਿਚ ਡਰ ਪੈਦਾ ਕਰਨਾ ਚਾਹੁੰਦਾ ਸੀ। ਗਿਣਤੀ 26:10 ਆਖਦੀ ਹੈ ਕਿ 250 ਮਨੁੱਖਾਂ ਦੀ ਮੌਤ ਇਸਰਾਏਲੀਆਂ ਦੇ ਲਈ "ਇੱਕ ਨਿਸ਼ਾਨ ਹੋ ਗਈ।" ਸ਼ਾਇਦ, ਦਾਥਾਨ ਅਤੇ ਅਬੀਰਾਮ (26:9, 10 ਵਿਚ ਉਨ੍ਹਾਂ ਦੇ ਬਾਰੇ ਵੀ ਗੱਲ ਕੀਤੀ ਗਈ ਹੈ) ਦੀ ਮੌਤ ਨੇ ਵੀ ਇਸੇ ਉਦੇਸ਼ ਨੂੰ ਪੂਰਾ ਕੀਤਾ ਸੀ।

ਜਦ ਕਿ ਦਾਥਾਨ, ਅਬੀਰਾਮ ਅਤੇ ਉਨ੍ਹਾਂ ਦੇ ਟੱਬਰ ਇਸ ਤਬਾਹੀ ਵਿਚ ਮਾਰੇ ਗਏ, ਕੋਰਹ ਉਨ੍ਹਾਂ 250 ਮਨੁੱਖਾਂ ਨਾਲ ਮਰਿਆ ਜਿਨ੍ਹਾਂ ਦਾ ਜ਼ਿਕਰ ਅੱਗੇ ਆਉਣ ਵਾਲੀਆਂ ਆਇਤਾਂ ਵਿਚ ਕੀਤਾ ਗਿਆ ਹੈ। ਕੋਰਹ ਕੋਲ ਇਕ ਧੂਪਦਾਨ ਸੀ (16:17) ਅਤੇ 26:10 ਆਇਤ ਦੱਸਦੀ ਹੈ ਕਿ ਕੋਰਹ ਇਨ੍ਹਾਂ ਮਨੁੱਖਾਂ ਨਾਲ ਮਰਿਆ ਸੀ। ਇਹ ਹਵਾਲਾ ਕਹਿੰਦਾ ਹੈ ਕਿ "ਸਾਰੇ ਆਦਮੀ ਜਿਹੜੇ ਕੋਰਹ ਵੱਲ ਸਨ" ਨਾਸ ਹੋ ਗਏ, ਪਰ 26:11 ਆਖਦੀ ਹੈ ਕਿ "... ਕੋਰਹ ਦੇ ਪੁੱਤ੍ਰ ਨਹੀਂ ਮਰੇ" (26:8-

11 ਤੇ ਟਿੱਪਣੀਆਂ ਵੇਖੋ)।

## ਛੇਵਾਂ ਦ੍ਰਿਸ਼: ਯਾਦਗਾਰੀ (16:35-40)

**[35]ਤਾਂ ਯਹੋਵਾਹ ਵੱਲੋਂ ਅੱਗ ਨਿੱਕਲੀ ਅਤੇ ਉਨ੍ਹਾਂ ਢਾਈ ਸੌ ਮਨੁੱਖਾਂ ਨੂੰ ਜਿਹੜੇ ਧੂਪ ਧੁਖਾਉਂਦੇ ਸਨ ਭਸਮ ਕਰ ਗਈ। [36]ਤਾਂ ਯਹੋਵਾਹ ਮੂਸਾ ਨਾਲ ਬੋਲਿਆ, [37]ਹਾਰੂਨ ਜਾਜਕ ਦੇ ਪੁੱਤ੍ਰ ਅਲਆਜ਼ਾਰ ਨੂੰ ਬੋਲ ਕਿ ਉਹ ਧੂਪਦਾਨਾਂ ਨੂੰ ਅੱਗ ਦੇ ਵਿੱਚੋਂ ਚੁੱਕ ਲਵੇ ਅਤੇ ਤੂੰ ਅੱਗ ਨੂੰ ਖਿਲਾਰ ਦੇਹ ਕਿਉਂ ਜੋ ਓਹ ਪਵਿੱਤ੍ਰ ਹਨ। [38]ਅਰਥਾਤ ਇਨ੍ਹਾਂ ਪਾਪੀਆਂ ਦੇ ਧੂਪਦਾਨ ਜਿਹੜੇ ਆਪਣੀਆਂ ਜਾਨਾਂ ਦੇ ਘਾਤੀ ਸਨ ਓਹਨਾਂ ਨੂੰ ਕੁੱਟ ਕੇ ਜਗਵੇਦੀ ਦੇ ਢੱਕਣ ਲਈ ਪੱਤ੍ਰ ਬਣਾਓ ਕਿਉਂ ਜੋ ਉਨ੍ਹਾਂ ਨੇ ਓਹਨਾਂ ਨੂੰ ਯਹੋਵਾਹ ਅੱਗੇ ਅਰਪਣ ਕੀਤਾ ਸੀ ਸੋ ਓਹ ਪਵਿੱਤ੍ਰ ਹਨ ਅਤੇ ਉਹ ਇਸਰਾਏਲੀਆਂ ਲਈ ਇੱਕ ਨਿਸ਼ਾਨ ਹੋਵੇਗਾ। [39]ਅਲਆਜ਼ਾਰ ਜਾਜਕ ਨੇ ਓਹਨਾਂ ਪਿੱਤਲ ਦਿਆਂ ਧੂਪਦਾਨਾਂ ਨੂੰ ਲੈ ਕੇ ਜਿਹੜੇ ਭਸਮ ਹੋਇਆਂ ਹੋਇਆਂ ਨੇ ਅਰਪਣ ਕੀਤੇ ਸਨ ਓਹਨਾਂ ਨੂੰ ਜਗਵੇਦੀ ਦੇ ਢੱਕਣ ਲਈ ਕੁੱਟਿਆ। [40]ਕਿ ਓਹ ਇਸਰਾਏਲੀਆਂ ਲਈ ਇੱਕ ਯਾਦਗਾਰੀ ਹੋਵੇ ਤਾਂ ਜੋ ਕੋਈ ਓਪਰਾ ਮਨੁੱਖ ਜਿਹੜਾ ਹਾਰੂਨ ਦੀ ਅੰਸ ਦਾ ਨਾ ਹੋਵੇ ਨੇੜੇ ਆ ਕੇ ਯਹੋਵਾਹ ਦੇ ਅੱਗੇ ਧੂਪ ਨਾ ਧੁਖਾਵੇ ਅਤੇ ਨਾ ਹੀ ਕੋਰਹ ਅਤੇ ਉਸ ਦੀ ਟੋਲੀ ਵਾਂਙੁ ਹੋਵੇ ਜਿਵੇਂ ਯਹੋਵਾਹ ਉਹ ਨੂੰ ਮੂਸਾ ਦੇ ਰਾਹੀਂ ਬੋਲਿਆ ਸੀ।**

**ਆਇਤ 35.** ਹੋਣ ਵਾਲੇ ਜਾਜਕਾਂ ਨੇ ਡੇਹਰੇ ਦੇ ਸਾਹਮਣੇ ਆਪਣੇ ਧੂਪਦਾਨਾਂ ਵਿਚ ਧੂਪ ਪਾਈ ਸੀ (16:18)। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ 250 ਮਨੁੱਖ, ਕੋਰਹ ਨਾਲ ਮਿਲ ਕੇ, ਇਕ ਨਿਸ਼ਾਨ ਦੀ ਉਡੀਕ ਕਰ ਰਹੇ ਸਨ ਕਿ ਉਨ੍ਹਾਂ ਦੀਆਂ ਭੇਟਾਂ ਪਰਮੇਸ਼ੁਰ ਦੁਆਰਾ ਕਬੂਲ ਕਰ ਲਈਆਂ ਗਈਆਂ ਸਨ ਜਾਂ ਨਹੀਂ। ਬਜਾਇ ਇਸ ਦੇ, **ਯਹੋਵਾਹ ਵੱਲੋਂ ਅੱਗ ਨਿੱਕਲੀ ਅਤੇ ਉਨ੍ਹਾਂ ਢਾਈ ਸੌ ਮਨੁੱਖਾਂ ਨੂੰ ਜਿਹੜੇ ਧੂਪ ਧੁਖਾਉਂਦੇ ਸਨ ਭਸਮ ਕਰ ਗਈ।** ਇਸ ਤਰ੍ਹਾਂ ਜਾਜਕਾਈ ਦੇ ਲਈ ਉਨ੍ਹਾਂ ਦੇ ਝੂਠੇ ਦਿਖਾਵੇ ਦਾ ਅੰਤ ਹੋ ਗਿਆ!

**ਆਇਤਾਂ 36-38.** ਜਦ ਕਿ ਅੰਗ੍ਰੇਜ਼ੀ ਅਨੁਵਾਦ ਅਧਿਆਇ 16 ਵਿਚ 36 ਤੋਂ 50 ਆਇਤਾਂ ਨੂੰ ਸ਼ਾਮਲ ਕਰਦੇ ਹਨ, ਮਸੋਰਾ ਦੀ ਲਿਖਤ ਵਿਚ ਇਹ ਪੰਦਰਾਂ ਆਇਤਾਂ ਅਧਿਆਇ 17 ਦੇ ਪਹਿਲੇ ਹਿੱਸੇ ਦੇ ਰੂਪ ਵਿਚ ਹਨ। ਇਹ ਭਾਗ ਕੋਰਹ ਅਤੇ ਉਸ ਦੀ ਟੋਲੀ ਦੇ ਨਾਸ ਬਾਰੇ ਦੱਸਣ ਦੁਆਰਾ ਕੋਰਹ ਦੇ ਵਿਦਰੋਹ ਦੇ ਦੁਖਦਾਈ ਵਿਰਤਾਂਤ ਨਾਲ ਖਤਮ ਹੁੰਦਾ ਹੈ।

ਅਗਨੀ ਪਰੀਖਿਆ ਤੋਂ ਬਾਅਦ, ਪਰਮੇਸ਼ੁਰ ਨੇ ਮੂਸਾ ਨੂੰ ਇਹ ਹਦਾਇਤ ਦਿੱਤੀ ਕਿ **ਅਲਆਜ਼ਾਰ** - ਹਾਰੂਨ ਦੇ ਪੁੱਤ੍ਰਾਂ ਵਿੱਚੋਂ ਇਕ ਜਿਹੜਾ ਇਕ ਜਾਜਕ ਦੇ ਤੌਰ ਤੇ ਸੇਵਾ ਕਰਦਾ ਸੀ (3:4; 4:16; 19:3, 4) - **ਨੂੰ ਬੋਲ ਕਿ ਉਹ ਧੂਪਦਾਨਾਂ ਨੂੰ ਚੁੱਕ ਲਵੇ** ਜਿਹੜੇ ਉਨ੍ਹਾਂ ਮਨੁੱਖਾਂ ਦੁਆਰਾ ਵਰਤੇ ਗਏ ਸਨ ਜਿਹੜੇ **ਅੱਗ** ਵਿਚ ਮਰ ਗਏ ਸਨ। ਮੂਸਾ ਨੂੰ ਖ਼ੁਦ **ਅੱਗ ਨੂੰ ਖਿਲਾਰ ਦੇਣ** ਦੇ ਲਈ ਕਿਹਾ ਗਿਆ ਸੀ। ਹਾਰੂਨ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਹੀਂ ਸੀ ਨਿਭਾ ਸਕਿਆ ਕਿਉਂਕਿ ਪਰਧਾਨ ਜਾਜਕ ਹੋਣ ਦੇ ਨਾਤੇ, ਉਸ ਨੇ ਲੋਥਾਂ ਨੂੰ ਹੱਥ ਲਾ ਕੇ ਆਪਣੇ ਆਪ ਨੂੰ ਅਪਵਿੱਤ੍ਰ ਨਹੀਂ ਸੀ ਕਰਨਾ। ਇਸ ਤਰ੍ਹਾਂ ਲੱਗਦਾ ਹੈ ਕਿ 16:48 ਵਿਚ ਉਸ ਦਾ "ਮੋਇਆਂ ਅਤੇ ਜੀਉਂਦਿਆਂ ਦੇ ਵਿਚਕਾਰ" ਖਲੋਣਾ ਖ਼ਾਸ ਸਥਿਤੀ ਸੀ।

ਧੂਪਦਾਨਾਂ ਨੂੰ **ਪਵਿੱਤ੍ਰ**, ਜਾਂ ਪਰਮੇਸ਼ੁਰ ਨੂੰ ਸਮਰਪਿਤ ਸਮਝਿਆ ਜਾਣਾ ਸੀ, ਕਿਉਂਕਿ ਉਨ੍ਹਾਂ ਨੂੰ **ਯਹੋਵਾਹ ਅੱਗੇ** ਅਰਪਣ ਕੀਤਾ ਗਿਆ ਸੀ। ਅਲਆਜ਼ਾਰ ਨੇ ਉਨ੍ਹਾਂ ਨੂੰ **ਜਗਵੇਦੀ ਦੇ ਢੱਕਣ** - ਅਰਥਾਤ, ਹੋਮ ਬਲੀ ਦੀ ਜਗਵੇਦੀ ਜਿਹੜੀ ਡੇਹਰੇ ਦੇ ਸਾਹਮਣੇ ਸੀ - ਦੇ ਰੂਪ ਵਿਚ ਵਰਤਣ ਦੇ ਲਈ ਕੁੱਟਣਾ ਸੀ। ਇਹ ਪਰਤੱਖ ਰੂਪ ਵਿਚ ਦੂਜਾ ਢੱਕਣ ਸੀ ਕਿਉਂਕਿ ਇਹ ਜਗਵੇਦੀ ਪਿੱਤਲ ਨਾਲ

ਮੜ੍ਹੀ ਹੋਈ ਸੀ ਜਦੋਂ ਇਸ ਨੂੰ ਪਹਿਲਾਂ ਬਣਾਇਆ ਸੀ (ਕੂਚ 27:2; 38:2)। ਇਸ ਦੂਜੇ ਢੱਕਣ ਨੇ **ਇਸਰਾਏਲੀਆਂ ਦੇ ਲਈ ਇੱਕ ਨਿਸ਼ਾਨ** ਦਾ ਕੰਮ ਕਰਨਾ ਸੀ।

**ਆਇਤਾਂ 39, 40.** ਪਰਮੇਸ਼ੁਰ ਦੀ ਹਦਾਇਤ ਦਾ ਪਾਲਣ ਕਰਦੇ ਹੋਏ, **ਅਲਆਜ਼ਾਰ ਜਾਜਕ ਨੇ ਪਿੱਤਲ ਦਿਆਂ ਧੂਪਦਾਨਾਂ ਨੂੰ** ਇਕੱਠਾ ਕੀਤਾ ਅਤੇ **ਓਹਨਾਂ ਨੂੰ ਜਗਵੇਦੀ ਦੇ ਢੱਕਣ ਲਈ ਕੁੱਟਿਆ।** ਪਿੱਤਲ ਦਾ ਇਹ ਢੱਕਣ **ਇਸਰਾਏਲੀਆਂ ਲਈ ਇੱਕ ਯਾਦਗਾਰੀ** ਹੋਵੇਗਾ ਤਾਂ ਕਿ ਉਹ ਉਸ ਪਾਪ ਦੇ ਦੋਸ਼ੀ ਨਾ ਹੋਣ ਜੋ ਕੋਰਹ ਅਤੇ ਉਸ ਦੇ ਆਦਮੀਆਂ ਨੇ ਕੀਤਾ ਸੀ: **ਕੋਈ ਓਪਰਾ ਮਨੁੱਖ ਜਿਹੜਾ ਹਾਰੂਨ ਦੀ ਅੰਸ ਦਾ ਨਾ ਹੋਵੇ ਨੇੜੇ ਆ ਕੇ ਯਹੋਵਾਹ ਦੇ ਅੱਗੇ ਧੂਪ ਨਾ ਧੁਖਾਵੇ।** ਉਸ ਸਮੇਂ ਤੋਂ, ਹਰ ਵਾਰ ਜਦੋਂ ਇਕ ਇਸਰਾਏਲੀ ਜਗਵੇਦੀ ਦੇ ਲਈ ਭੇਟ ਲੈ ਕੇ ਆਉਂਦਾ ਸੀ, ਉਸ ਨੂੰ ਜਾਜਕਾਂ ਦੀ ਉਸ ਜ਼ਿੰਮੇਵਾਰੀ ਨੂੰ ਹੜੱਪਣ ਦੀ ਕੋਸ਼ਿਸ਼ ਕਰਨ ਦੇ ਖ਼ਤਰੇ ਬਾਰੇ ਚੇਤੇ ਆ ਜਾਂਦਾ ਸੀ ਜੋ ਸਿਰਫ ਹਾਰੂਨ ਅਤੇ ਉਸ ਦੇ ਪੁੱਤਰਾਂ ਦੀ ਸੀ।

## ਸਤਵਾਂ ਦ੍ਰਿਸ਼: ਨਤੀਜਾ (16:41-50)

**[41]ਅਗਲੇ ਦਿਨ ਇਸਰਾਏਲੀਆਂ ਦੀ ਸਾਰੀ ਮੰਡਲੀ ਏਹ ਆਖ ਕੇ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਬੁੜ ਬੁੜਾਉਣ ਲੱਗੀ ਕਿ ਤੁਸਾਂ ਯਹੋਵਾਹ ਦੀ ਪਰਜਾ ਨੂੰ ਮਾਰ ਸੁੱਟਿਆ! [42]ਫੇਰ ਐਉਂ ਹੋਇਆ ਕਿ ਜਦ ਮੰਡਲੀ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਇਕੱਠੀ ਹੋਈ ਤਾਂ ਉਨ੍ਹਾਂ ਨੇ ਮੰਡਲੀ ਦੇ ਤੰਬੂ ਵੱਲ ਨਿਗਾਹ ਮਾਰੀ ਅਤੇ ਵੇਖੋ ਬੱਦਲ ਨੇ ਉਸ ਨੂੰ ਢੱਕ ਲਿਆ ਅਤੇ ਯਹੋਵਾਹ ਦਾ ਪਰਤਾਪ ਪਰਗਟ ਹੋਇਆ। [43]ਤਾਂ ਮੂਸਾ ਅਤੇ ਹਾਰੂਨ ਮੰਡਲੀ ਦੇ ਤੰਬੂ ਅੱਗੇ ਆਏ। [44]ਫੇਰ ਯਹੋਵਾਹ ਮੂਸਾ ਨੂੰ ਬੋਲਿਆ, [45]ਏਹ ਮੰਡਲੀ ਵਿੱਚੋਂ ਨਿੱਕਲ ਜਾਓ ਤਾਂ ਜੋ ਮੈਂ ਇਨ੍ਹਾਂ ਨੂੰ ਇੱਕ ਅੱਖ ਦੇ ਫੋਰ ਵਿੱਚ ਭੱਖ ਲਵਾਂ! ਤਦ ਓਹ ਮੂੰਹ ਦੇ ਭਾਰ ਡਿੱਗੇ। [46]ਅਤੇ ਮੂਸਾ ਨੇ ਹਾਰੂਨ ਨੂੰ ਆਖਿਆ, ਆਪਣਾ ਧੂਪਦਾਨ ਲੈ ਕੇ ਉਸ ਉੱਤੇ ਜਗਵੇਦੀ ਦੀ ਅੱਗ ਪਾ ਅਤੇ ਧੂਪ ਪਾਕੇ ਛੇਤੀ ਨਾਲ ਮੰਡਲੀ ਕੋਲ ਲੈ ਜਾਹ ਅਤੇ ਉਨ੍ਹਾਂ ਲਈ ਪਰਾਸਚਿਤ ਕਰ ਕਿਉਂ ਜੋ ਯਹੋਵਾਹ ਵੱਲੋਂ ਕ੍ਰੋਧ ਨਿੱਕਲਿਆ ਹੈ ਅਤੇ ਬਵਾ ਤੁਰ ਪਈ ਹੈ! [47]ਤਾਂ ਹਾਰੂਨ ਉਹ ਲੈ ਕੇ ਜਿਵੇਂ ਮੂਸਾ ਬੋਲਿਆ ਸਭਾ ਵਿੱਚ ਨੱਠ ਕੇ ਗਿਆ ਅਤੇ ਵੇਖੋ ਪਰਜਾ ਵਿੱਚ ਬਵਾ ਪਈ ਹੋਈ ਸੀ ਅਤੇ ਧੂਪ ਪਾਕੇ ਪਰਜਾ ਲਈ ਪਰਾਸਚਿਤ ਕੀਤਾ। [48]ਅਤੇ ਉਹ ਮੋਇਆਂ ਅਤੇ ਜੀਉਂਦਿਆਂ ਦੇ ਵਿਚਕਾਰ ਖਲੋਤਾ ਸੀ ਤਾਂ ਬਵਾ ਰੁਕ ਗਈ। [49]ਜਿਹੜੇ ਬਵਾ ਨਾਲ ਮਰੇ ਓਹ ਚੌਦਾਂ ਹਜ਼ਾਰ ਸੱਤ ਸੌ ਸਨ ਉਨ੍ਹਾਂ ਨੂੰ ਛੱਡ ਕੇ ਜਿਹੜੇ ਕੋਰਹ ਦੀ ਗੱਲ ਦੇ ਕਾਰਨ ਮਰੇ। [50]ਫੇਰ ਹਾਰੂਨ ਮੂਸਾ ਕੋਲ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਮੁੜ ਆਏ ਤਾਂ ਬਵਾ ਰੁਕ ਗਈ।**

**ਆਇਤ 41.** ਵਿਦਰੋਹੀਆਂ ਦੀਆਂ ਰੱਬ ਵੱਲੋਂ ਮੌਤਾਂ ਨੂੰ ਵੇਖ ਕੇ ਪਰਜਾ ਮੂਸਾ ਅਤੇ ਹਾਰੂਨ ਨੂੰ ਆਪਣੇ ਆਗੂ ਮੰਨਣ ਦੇ ਲਈ ਤਿਆਰ ਹੋ ਗਈ ਹੋਵੇਗੀ। ਇਸ ਨੇ ਪਰਮੇਸ਼ੁਰ ਦੁਆਰਾ ਉਨ੍ਹਾਂ ਦੇ ਨਿਯੁਕਤ ਕੀਤੇ ਗਏ ਆਗੂਆਂ ਦੇ ਪ੍ਰਤੀ ਉਨ੍ਹਾਂ ਦੇ ਅੰਦਰ ਅਧੀਨਗੀ ਵਾਲੀ ਆਤਮਾ ਨੂੰ ਉਤਪੰਨ ਕੀਤਾ ਹੋਵੇਗਾ। ਅਜੀਬ ਗੱਲ ਹੈ ਕਿ ਇਸ ਤਰ੍ਹਾਂ ਦਾ ਕੁਝ ਨਹੀਂ ਹੋਇਆ। ਵਿਰਤਾਂਤ ਆਗੂਆਂ ਦੇ ਵਿਦਰੋਹ ਦੀ ਵੱਲੋਂ ਖੁਦ ਪਰਜਾ ਦੇ ਵਿਦਰੋਹ ਦੀ ਵੱਲ ਮੁੜ ਜਾਂਦਾ ਹੈ।

**ਅਗਲੇ ਦਿਨ ... ਸਾਰੀ ਮੰਡਲੀ ਏਹ ਆਖ ਕੇ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਬੁੜ ਬੁੜਾਉਣ ਲੱਗੀ ਕਿ ਤੁਸਾਂ ਯਹੋਵਾਹ ਦੀ ਪਰਜਾ ਨੂੰ ਮਾਰ ਸੁੱਟਿਆ!** ਸਪੱਸ਼ਟ ਤੌਰ ਤੇ, ਉਹ ਇਸ ਤੱਥ ਤੋਂ ਬੇਖ਼ਬਰ ਸਨ ਕਿ ਇਨ੍ਹਾਂ ਮੌਤਾਂ ਦਾ ਕਾਰਣ ਮੂਸਾ ਅਤੇ ਹਾਰੂਨ ਨਹੀਂ ਸਨ। ਵਿਦਰੋਹੀ ਖੁਦ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕਰਨ ਦੇ ਦੁਆਰਾ ਉਨ੍ਹਾਂ ਦੀਆਂ ਆਪਣੀਆਂ ਮੌਤਾਂ ਦਾ ਕਾਰਣ ਬਣੇ ਸਨ। ਉਹੀ ਲੋਕ ਜਿਨ੍ਹਾਂ ਨੇ ਕਾਦੇਸ਼ ਵਿਚ ਪਰਮੇਸ਼ੁਰ ਨੂੰ ਠੁਕਰਾ ਦਿੱਤਾ ਸੀ, ਜਦੋਂ ਉਸ ਨੇ ਉਨ੍ਹਾਂ ਨੂੰ

ਵਾਅਦੇ ਦੀ ਧਰਤੀ ਨੂੰ ਅਧਕਾਰ ਵਿਚ ਲੈਣ ਦਾ ਹੁਕਮ ਦਿੱਤਾ ਸੀ, ਉਸ ਨੂੰ ਫੇਰ ਠੁਕਰਾ ਰਹੇ ਸਨ। ਲੋਕ ਹਮੇਸ਼ਾ ਤਜ਼ੁਰਬੇ ਤੋਂ ਨਹੀਂ ਸਿੱਖਦੇ।

**ਆਇਤ 42.** ਸਪੱਸ਼ਟ ਤੌਰ ਤੇ, ਇਸਰਾਏਲੀਆਂ ਨੇ ਮੂਸਾ ਅਤੇ ਹਾਰੂਨ ਦੇ ਵਿਰੁੱਧ ਸ਼ਿਕਾਇਤ ਦਰਜ ਕਰਨ ਦੇ ਲਈ ਸਭਾ ਬੁਲਾਈ। ਜਦੋਂ **ਮੰਡਲੀ ਇਕੱਠੀ ਹੋ ਗਈ**, ਪਰਮੇਸ਼ੁਰ ਨੇ **ਮੰਡਲੀ ਦੇ ਤੰਬੂ** ਨੂੰ **ਬੱਦਲ** ਨਾਲ ਢੱਕ ਦਿੱਤਾ (ਵੇਖੋ 16:19)।

**ਆਇਤਾਂ 43-45.** ਜਦੋਂ "ਯਹੋਵਾਹ ਦਾ ਪਰਤਾਪ ਪਰਗਟ ਹੋਇਆ" ਅਤੇ **ਮੂਸਾ ਅਤੇ ਹਾਰੂਨ** ਪਹੁੰਚ ਗਏ, ਪਰਮੇਸ਼ੁਰ ਨੇ ਉਨ੍ਹਾਂ ਨਾਲ ਗੱਲ ਕੀਤੀ ਅਤੇ ਮੰਡਲੀ ਨੂੰ ਨਾਸ ਕਰਨ ਦੀ ਫੇਰ ਧਮਕੀ ਦਿੱਤੀ। ਉਸ ਨੇ ਆਖਿਆ, **ਏਹ ਮੰਡਲੀ ਵਿੱਚੋਂ ਨਿੱਕਲ ਜਾਓ ਤਾਂ ਜੋ ਮੈਂ ਇਨ੍ਹਾਂ ਨੂੰ ਇੱਕ ਅੱਖ ਦੇ ਫੋਰ ਵਿੱਚ ਭੱਖ ਲਵਾਂ** (ਵੇਖੋ 16:21)। ਇਹ ਸੁਣ ਕੇ, **ਓਹ ਮੂੰਹ ਦੇ ਭਾਰ ਡਿੱਗੇ** (ਵੇਖੋ 16:4, 22)।

**ਆਇਤ 46.** ਇਸ ਵਾਰ, ਮੂਸਾ ਨੇ **ਹਾਰੂਨ ਨੂੰ** [ਉਸ ਦਾ] **ਧੂਪਦਾਨ ਲੈ ਕੇ ਉਸ ਉੱਤੇ ਜਗਵੇਦੀ ਦੀ ਅੱਗ ਪਾਉਣ ਅਤੇ ਧੂਪ ਪਾਉਣ ਦੇ ਲਈ** ਆਖਿਆ ਤਾਂ ਕਿ ਉਹ ਇਸ ਨੂੰ ਪਰਜਾ ਦੇ ਲਈ **ਪਰਾਸਚਿਤ ਕਰਨ** ਵਾਸਤੇ ਵਰਤ ਸਕੇ। ਸ਼ਾਇਦ ਇਹ ਉਹੀ ਧੂਪਦਾਨ ਹੋਵੇਗਾ ਜਿਹੜਾ ਹਾਰੂਨ ਪਰਾਸਚਿਤ ਦੇ ਦਿਨ ਡੇਰਹੇ ਦੇ ਅੱਤ ਪਵਿੱਤਰ ਅਸਥਾਨ ਦੇ ਅੰਦਰ ਲੈ ਕੇ ਆਇਆ ਸੀ (ਲੇਵੀਆਂ 16:12, 13; ਵੇਖੋ ਕੂਚ 27:3)। ਯਹੋਵਾਹ ਨੇ, ਆਪਣੇ ਕ੍ਰੋਧ ਵਿਚ, ਪਹਿਲਾਂ ਤੋਂ ਹੀ **ਮੰਡਲੀ** ਨੂੰ **ਬਵਾ** ਨਾਲ ਨਾਸ ਕਰਨਾ ਸ਼ੁਰੂ ਕਰ ਦਿੱਤਾ ਸੀ।

**ਆਇਤਾਂ 47-50.** ਮੂਸਾ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਹੋਏ, **ਹਾਰੂਨ ਸਭਾ ਵਿੱਚ ਨੱਠ ਕੇ ਗਿਆ** ਤਾਂ ਜੋ ਉਹ **ਪਰਜਾ ਲਈ ਪਰਾਸਚਿਤ** ਕਰ ਸਕਦਾ। **ਉਹ ਮੋਇਆਂ ਅਤੇ ਜੀਉਂਦਿਆਂ ਦੇ ਵਿਚਕਾਰ ਖਲੋਤਾ ਸੀ ਤਾਂ ਬਵਾ ਰੁਕ ਗਈ।** ਤਾਂ ਵੀ, 14,700 **ਲੋਕ ਬਵਾ ਨਾਲ ਮਰੇ**। ਪਰਾਸਚਿਤ ਕਰਨ ਤੋਂ ਬਾਅਦ, **ਹਾਰੂਨ ਮੂਸਾ ਕੋਲ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਮੁੜ ਆਇਆ।**

ਇਸ ਘਟਨਾ ਦੇ ਸੰਬੰਧ ਵਿਚ ਮੂਸਾ ਅਤੇ ਹਾਰੂਨ ਦੋਵੇਂ ਉਨ੍ਹਾਂ ਦੇ ਵਿਹਾਰ ਦੇ ਲਈ ਸੋਭਾ ਦੇ ਯੋਗ ਹਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਲਈ ਸਿਫ਼ਾਰਸ਼ ਕੀਤੀ ਜਿਹੜੇ ਪਰਮੇਸ਼ੁਰ ਵੱਲੋਂ ਸਜ਼ਾ ਦੇ ਹੱਕਦਾਰ ਸਨ ਕਿਉਂਕਿ ਉਨ੍ਹਾਂ ਨੇ ਮੂਸਾ ਅਤੇ ਹਾਰੂਨ ਨੂੰ ਆਗੂ ਦੇ ਤੌਰ ਤੇ ਠੁਕਰਾ ਦਿੱਤਾ ਸੀ। ਉਹ ਉਨ੍ਹਾਂ ਦੀ ਖ਼ਾਤਰ ਭਲਾ ਕਰ ਰਹੇ ਸਨ ਜਿਨ੍ਹਾਂ ਨੇ ਉਨ੍ਹਾਂ ਦਾ ਬੁਰਾ ਕੀਤਾ ਸੀ।

# ਪ੍ਰਾਸੰਗਿਕਤਾ

## ਵਿਦਰੋਹ ਦਾ ਸੁਭਾਅ (ਅਧਿਆਇ 16)

ਕੋਰਹ ਦੀ ਕਹਾਣੀ ਵਿਚ, ਅਸੀਂ ਵੇਖਦੇ ਹਾਂ ਕਿ ਵਿਦਰੋਹ ਸੁਭਾਅ ਵਿਚ ਵਿਕਾਸਸ਼ੀਲ ਹੈ। ਜ਼ਬੂਰ 1 ਵਿਚ ਜ਼ਬੂਰ ਲਿਖਣ ਵਾਲੇ ਨੇ ਇਸ ਵਿਚਾਰ ਨੂੰ ਸਮਝਿਆ ਜਦੋਂ ਉਸ ਨੇ ਵਿਚਾਰ ਦੇ ਤਿੰਨ ਪੜਾਵਾਂ ਦਾ ਵਰਣਨ ਕੀਤਾ ਜੋ ਵਿਦਰੋਹੀ ਕੰਮ ਦਾ ਹਿੱਸਾ ਹੁੰਦੇ ਹਨ। ਪਹਿਲੇ ਪੜਾਅ ਵਿਚ ਤੱਥਾਂ ਨੂੰ ਵੇਖੇ ਬਿਨ੍ਹਾਂ ਇਕ ਕੰਮ ਵਿਚ ਸ਼ਾਮਲ ਹੋਣਾ ਹੈ। "ਧੰਨ ਹੈ ਉਹ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ" (ਜ਼ਬੂਰ 1:1)। ਜਦੋਂ ਇਕ ਵਿਅਕਤੀ ਪੇਸ਼ ਕੀਤੇ ਗਏ ਸਬੂਤ ਤੇ ਵਿਚਾਰ ਨਹੀਂ ਕਰਦਾ ਜਾਂ ਤੱਥਾਂ ਨੂੰ ਨਹੀਂ ਜਾਂਚਦਾ ਅਤੇ ਮੁੱਦੇ ਦੇ ਦੋਹਾਂ ਪੱਖਾਂ ਦੀ ਤੁਲਨਾ ਨਹੀਂ ਕਰਦਾ, ਤਾਂ ਪਲ ਦੀ ਉਤੇਜਨਾ ਵਿਚ ਫਸਣਾ ਸੌਖਾ ਹੋ ਜਾਂਦਾ ਹੈ।

ਦੂਜਾ ਪੜਾਅ ਹੈ ਜਦੋਂ ਇਕ ਵਿਅਕਤੀ ਵਿਦਰੋਹ ਦਾ ਹਿੱਸਾ ਬਣ ਜਾਂਦਾ ਹੈ। "ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ" (ਜ਼ਬੂਰ 1:1)। ਉਨ੍ਹਾਂ ਗੁਮਨਾਮ 250 ਆਗੂਆਂ ਨੂੰ ਮੂਸਾ ਅਤੇ ਹਾਰੂਨ ਦੇ ਵਿਰੁੱਧ ਸ਼ਿਕਾਇਤ ਕਰਨ ਦੇ ਲਈ ਕੋਰਹ ਦੁਆਰਾ ਬੜੀ ਚਲਾਕੀ ਨਾਲ ਇਸਤੇਮਾਲ ਕੀਤਾ ਗਿਆ ਸੀ (16:3)। ਵਿਦਰੋਹ ਕਰਨ ਵਾਲੇ ਆਗੂ ਅਕਸਰ ਆਪਣੀ ਪਹਿਚਾਣ ਨੂੰ ਛੁਪਾਉਣ ਦੇ

ਲਈ ਗੁਮਨਾਮੀ ਦੀ ਵਰਤੋਂ ਕਰਦੇ ਹਨ।

ਤੀਜਾ ਪੜਾਅ ਇਹ ਹੈ: ਜੇਕਰ ਇਕ ਵਿਅਕਤੀ ਕਾਫੀ ਲੰਬੇ ਸਮੇਂ ਤੱਕ ਵਿਦਰੋਹ ਕਰਨ ਵਾਲੇ ਸਮੂਹ ਵਿਚ ਰਹੇਗਾ, ਤਾਂ ਉਹ ਵਿਦਰੋਹ ਕਰਨ ਵਾਲੇ ਸਰਦਾਰਾਂ ਵਿੱਚੋਂ ਇਕ ਬਣ ਜਾਵੇਗਾ। "ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ" (ਜ਼ਬੂਰ 1:1)। ਉਹ ਜਿਹੜਾ ਦਾਇਰੇ ਵਿੱਚੋਂ ਬਾਹਰ ਰਹਿ ਕੇ ਸ਼ੁਰੂਆਤ ਕਰਦਾ ਹੈ ਛੇਤੀ ਹੀ ਉਸ ਕੰਮ ਦੇ ਲਈ ਮਾਹਿਰਾਂ ਵਿੱਚੋਂ ਇਕ ਬਣ ਜਾਂਦਾ ਹੈ। ਇਹ ਨਮੂਨਾ ਉਨ੍ਹਾਂ ਵਿਚ ਧਿਆਨਯੋਗ ਹੈ ਜਿਹੜੇ ਪ੍ਰਭੂ ਦੀ ਕਲੀਸੀਆ ਦੇ ਪ੍ਰਤੀ ਬੇਵਫ਼ਾ ਹੋ ਜਾਂਦੇ ਹਨ। ਸ਼ਾਇਦ ਉਹ ਨਿਰਾਸ਼ਾ ਜਾਂ ਬੇਪਰਵਾਹੀ ਦੇ ਕਾਰਣ ਬਾਹਰ ਨਿੱਕਲ ਗਏ ਸਨ। ਕੁਝ ਸਮੇਂ ਦੇ ਲਈ ਉਹ ਗੁਮਨਾਮ ਹੋਣ ਦੀ ਕੋਸ਼ਿਸ਼ ਕਰ ਸਕਦੇ ਹਨ ਅਤੇ ਦੋਸ਼ੀ ਵੀ ਮਹਿਸੂਸ ਕਰ ਸਕਦੇ ਹਨ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਂਦਾ ਹੈ, ਉਹ ਕੁੜੱਤਣ ਨਾਲ ਭਰ ਜਾਂਦੇ ਹਨ ਅਤੇ ਨਿੰਦਾ ਕਰਨ ਵਾਲੇ ਬਣ ਜਾਂਦੇ ਹਨ। ਜਦੋਂ ਕੋਈ ਉਨ੍ਹਾਂ ਨੂੰ ਮਿਲਣ ਦੇ ਲਈ ਆਉਂਦਾ ਹੈ, ਉਹ ਉਨ੍ਹਾਂ ਸਭ ਗੱਲਾਂ ਦੇ ਮਾਹਿਰ ਬਣ ਜਾਂਦੇ ਹਨ ਜੋ ਕਲੀਸੀਆ ਦੇ ਲਈ ਗਲਤ ਹਨ। ਉਹ ਕਲੀਸੀਆ ਦੇ ਆਲੋਚਕ ਬਣ ਚੁੱਕੇ ਹਨ।

ਕੋਰਹ ਦਾ ਵਿਦਰੋਹ ਸਾਨੂੰ ਰਾਜ ਦੇ ਸੁਭਾਅ ਅਤੇ ਇਸ ਦੇ ਵਿਚ ਸਾਡੇ ਸਥਾਨ ਦੇ ਬਾਰੇ ਚੇਤੇ ਕਰਾਉਂਦਾ ਹੈ। ਸਾਡੇ ਪ੍ਰਭੂ ਦੇ ਚੇਲਿਆਂ ਨੇ ਫ਼ੈਸਲਾ ਕੀਤਾ ਸੀ ਕਿ ਉਹ ਮਾਲਕੀ ਵਾਲੇ ਸਥਾਨ ਚਾਹੁੰਦੇ ਸਨ ਨਾ ਕਿ ਟਹਿਲੂਆਂ ਵਾਲੇ (ਮਰਕੁਸ 9:33-35)। ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦਾ ਰਾਜ ਟਹਿਲੂਆਂ ਵਾਲਾ ਹੈ ਨਾ ਕਿ ਦੁਨਿਆਵੀ ਸੰਗਠਨਾਂ ਵਰਗਾ। ਅਸੀਂ ਸ਼ਾਇਦ ਸੰਗਠਨ ਨਾਲ ਸੰਬੰਧਤ ਸ਼ਬਦ "ਕਲੀਸੀਆ" ਨੂੰ ਬਹੁਤ ਹੀ ਹਲਕੇ ਢੰਗ ਨਾਲ ਵਰਤਣ ਦੁਆਰਾ ਕਲੀਸੀਆ ਦੇ ਰਾਜ ਦੇ ਸੁਭਾਅ ਨੂੰ ਭੁੱਲ ਚੁੱਕੇ ਹਾਂ। ਰਾਜ ਵਿਚ ਸਿਰਫ ਇੱਕੋ ਰਾਜਾ ਹੁੰਦਾ ਹੈ। ਰਾਜ ਦਾ ਰਾਜਾ ਯਿਸੂ ਮਸੀਹ ਹੈ। ਪਤਰਸ ਨੇ ਚਿਤਾਵਨੀ ਦਿੱਤੀ ਸੀ ਕਿ ਆਗੂ ਹੋਣਾ "ਇੱਜੜ ਤੇ ਹੁਕਮ ਚਲਾਉਣ" ਵੱਲ ਲੈ ਕੇ ਜਾ ਸਕਦਾ ਹੈ (1 ਪਤਰਸ 5:1-3)। ਜਿਵੇਂ ਇਕ ਰਾਜ ਨੂੰ ਆਗੂ ਦੀ ਲੋੜ ਹੁੰਦੀ, ਇਸ ਨੂੰ "ਸੰਗਤੀ" ਦੀ ਵੀ ਲੋੜ ਹੁੰਦੀ ਹੈ। ਜਦੋਂ ਪੌਲੁਸ ਨੇ ਕਲੀਸੀਆ ਦੇ ਸੇਵਕ ਆਗੂਆਂ ਦਾ ਵਰਣਨ ਕੀਤਾ ਸੀ (1 ਤਿਮੋਥਿਉਸ 3:1), ਉਸ ਨੇ ਦੱਸਿਆ ਸੀ ਕਿ ਇਹ ਇਕ "ਕੰਮ" ਸੀ। ਪਰ, ਕੰਮ ਕਰਨ ਵਾਲੇ ਆਗੂਆਂ ਨੂੰ ਉਨ੍ਹਾਂ ਦੇ ਕੰਮ ਨੂੰ ਅਸਰਦਾਰ ਬਣਾਉਣ ਦੇ ਲਈ ਸਮਰਥਕਾਂ ਦੀ ਲੋੜ ਹੁੰਦੀ ਹੈ।

ਕੋਰਹ ਨੇ ਸੇਵਕ ਦੀ ਜ਼ਿੰਮੇਵਾਰੀ ਨੂੰ ਪੂਰਾ ਕੀਤਾ ਸੀ, ਪਰ ਉਹ ਹੋਰ ਚਾਹੁੰਦਾ ਸੀ। ਸਾਨੂੰ ਵੀ ਸੇਵਕ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਕੀ ਅਸੀਂ ਉਸ ਵਿਚ ਸੰਤੁਸ਼ਟ ਹੋਣਾ ਸਿੱਖ ਸਕਦੇ ਹਾਂ ਜੋ ਪਰਮੇਸ਼ੁਰ ਨੇ ਸਾਨੂੰ ਬਣਨ ਅਤੇ ਕਰਨ ਦੇ ਲਈ ਦਿੱਤਾ ਹੈ, ਭਾਵੇਂ ਅਸੀਂ ਆਗੂ ਜਾਂ ਸਮਰਥਕ ਹੋਈਏ?

ਇਸਰਾਏਲੀ ਤਦ ਤੱਕ ਇਕ ਪਵਿੱਤਰ ਕੌਮ ਜਾਂ ਇਕ ਉਪਜਾਊ ਪਰਜਾ ਨਹੀਂ ਸੀ ਬਣ ਸਕਦੇ ਜਦੋਂ ਤੱਕ ਉਹ ਆਪਣੇ ਆਪ ਨੂੰ ਪਰਮੇਸ਼ੁਰ ਦੀ ਅਗਵਾਈ ਦੇ ਅਧੀਨ ਨਾ ਕਰਦੇ। ਉਸ ਅਗਵਾਈ ਦੇ ਲਈ ਪਰਮੇਸ਼ੁਰ ਦੀ ਯੋਜਨਾ ਇਹ ਸੀ ਕਿ ਲੋਕ ਮੂਸਾ ਅਤੇ ਹਾਰੂਨ ਦੀ ਗੱਲ ਨੂੰ ਮੰਨਦੇ। ਅੱਜ ਪਰਮੇਸ਼ੁਰ ਦਾ ਇਸਰਾਏਲ ਹੋਣ ਦੇ ਨਾਤੇ, ਅਸੀਂ ਤਦ ਤੱਕ ਪਵਿੱਤਰ ਅਤੇ ਉਪਜਾਊ ਨਹੀਂ ਬਣ ਸਕਦੇ ਜਦੋਂ ਤੱਕ ਅਸੀਂ ਲਗਾਤਾਰ ਆਪਣੇ ਆਪ ਨੂੰ ਯਿਸੂ ਅਤੇ ਇਕ ਦੂਜੇ ਦੇ ਅਧੀਨ ਨਹੀਂ ਕਰਦੇ (ਅਫ਼ਸੀਆਂ 5:21)। ਇਕ ਦੂਜੇ ਦੇ ਅਧੀਨ ਹੋਣਾ ਅਤੇ ਇਕ ਸੇਵਕ ਵਰਗਾ ਮਨ ਰੱਖਣਾ ਪਰਮੇਸ਼ੁਰ ਦੇ ਪ੍ਰਤੀ ਸਾਡੀ ਅਧੀਨਗੀ ਨਾਲ ਸ਼ੁਰੂ ਹੁੰਦਾ ਹੈ। ਅਸੀਂ ਆਪਣੇ ਆਪ ਨੂੰ ਕਿਸ ਦੇ ਵੱਲ ਪਾਉਂਦੇ ਹਾਂ: ਕੀ ਅਸੀਂ ਪਰਮੇਸ਼ੁਰ ਦੇ ਵੱਲ ਖੜ੍ਹੇ ਹਾਂ ਜਾਂ ਕਿਸੇ ਹੋਰ ਦੇ ਵੱਲ? ਗਲਤ ਪਾਸੇ ਹੋਣਾ ਮਹਿੰਗਾ ਪੈਂਦਾ ਹੈ। ਕੋਰਹ ਉਸ ਦਾ ਇਕ ਉਦਾਰਹਣ ਹੈ।

### ਕੀ ਓਨ ਪਾਪ ਵੱਲੋਂ ਮੁੜ ਗਿਆ ਸੀ? (16:1)

ਅਧਿਆਇ 16 ਦੇ ਆਰੰਭ ਵਿਚ ਓਨ ਸਾਜਿਸ਼ ਰਚਣ ਵਾਲਿਆਂ ਵਿੱਚੋਂ ਇਕ ਸੀ ਪਰ ਫੇਰ ਉਸ ਦਾ ਕੋਈ ਜ਼ਿਕਰ ਨਹੀਂ ਹੋਇਆ। ਕਿਉਂ? ਕੋਈ ਨਹੀਂ ਜਾਣਦਾ। ਲਿਖਤ ਵਿੱਚੋਂ ਉਸ ਦੇ ਅਲੋਪ ਹੋ ਜਾਣ ਦੀ ਸਭ ਤੋਂ ਦਾਨਸ਼ੀਲ ਵਿਆਖਿਆ ਇਹ ਹੈ ਕਿ ਪਹਿਲਾਂ ਖੁਦ ਵਿਦਰੋਹੀਆਂ ਦੇ ਨਾਲ ਖੜ੍ਹਾ ਹੋਣ ਤੋਂ ਬਾਅਦ, ਉਸ ਨੇ ਉਨ੍ਹਾਂ ਦੇ ਕੰਮ ਦੀ ਮੂਰਖਤਾ ਨੂੰ ਵੇਖਿਆ ਅਤੇ ਉਨ੍ਹਾਂ ਦੇ ਵਿਦਰੋਹ ਤੋਂ ਪਿੱਛੇ ਮੁੜ ਗਿਆ। ਜੇਕਰ ਇਸ ਤਰ੍ਹਾਂ ਸੀ, ਕਿਹੜੀ ਗੱਲ ਸੀ ਜਿਸ ਨੇ ਵਿਦਰੋਹ ਦੇ ਸੰਬੰਧ ਵਿਚ ਓਨ ਦੇ ਮਨ ਨੂੰ ਬਦਲ ਦਿੱਤਾ ਸੀ? ਜੇਕਰ ਇਸ ਤਰ੍ਹਾਂ ਦਾ ਕੁਝ ਹੋਇਆ ਸੀ, ਇਸ ਦੇ ਉਹੀ ਕਾਰਣ ਰਹੇ ਹੋਣਗੇ ਜਿਨ੍ਹਾਂ ਨੇ ਬਾਈਬਲ ਵਿਚ ਦੂਜਿਆਂ ਨੂੰ ਸ਼ਤਾਨ ਦੀ ਸੇਵਾ ਕਰਨ ਤੋਂ ਪਰਮੇਸ਼ੁਰ ਦੀ ਸੇਵਾ ਕਰਨ ਵੱਲ ਮੋੜ ਦਿੱਤਾ ਸੀ। ਅਸੀਂ ਸੌਲੁਸ ਦੇ ਮਨ ਪਰਿਵਰਤਨ ਬਾਰੇ ਸੋਚ ਸਕਦੇ ਹਾਂ, ਜਿਹੜਾ ਪੌਲੁਸ ਰਸੂਲ ਬਣ ਗਿਆ (ਰਸੂਲਾਂ ਦੇ ਕਰਤੱਬ 9:1-22), ਜਾਂ ਉਸ ਪੁੱਤਰ ਦੇ ਮਨ ਦੇ ਬਦਲਣ ਬਾਰੇ ਸੋਚ ਸਕਦੇ ਹਾਂ ਜਿਸ ਨੇ ਆਖਿਆ, "ਮੈਂ ਨਹੀਂ ਜਾਵਾਂਗਾ, ਮੇਰਾ ਜੀ ਨਹੀਂ ਕਰਦਾ," ਪਰ ਬਾਅਦ ਵਿਚ ਪਛਤਾਇਆ ਅਤੇ ਆਪਣੇ ਪਿਤਾ ਦੇ ਅੰਗੂਰੀ ਬਾਗ ਵਿਚ ਕੰਮ ਕਰਨ ਦੇ ਲਈ ਗਿਆ (ਮੱਤੀ 21:28-31)। ਅੱਜ ਇਹੀ ਵਿਚਾਰ ਪਾਪੀਆਂ ਨੂੰ ਹਨੇਰੇ ਦੀ ਵੱਲੋਂ ਪਰਮੇਸ਼ੁਰ ਦੇ ਸ਼ਾਨਦਾਰ ਚਾਨਣ ਵੱਲ ਮੋੜ ਸਕਦੇ ਹਨ।

### ਪਾਪ ਤੋਂ ਦੁਖੀ ਲੋਕਾਂ ਦੀ ਸਹਾਇਤਾ ਕਰਨਾ (16:46-48)

ਜਦੋਂ ਹਾਰੂਨ ਨੇ, ਮੂਸਾ ਦੇ ਬੇਨਤੀ ਕਰਨ ਤੇ, ਪਰਜਾ ਦੇ ਲਈ ਪਰਾਸਚਿਤ ਕਰਨ ਵਾਸਤੇ ਆਪਣਾ ਧੂਪਦਾਨ ਲਿਆ, ਉਹ ਕੁਝ ਹੱਦ ਤੱਕ, ਅੱਜ ਦੇ ਮਸੀਹੀ ਲੋਕਾਂ ਅੱਗੇ ਨਮੂਨਾ ਰੱਖ ਰਿਹਾ ਸੀ। ਜਿਵੇਂ ਮੂਸਾ ਦੇ ਸਮੇਂ ਵਿਚ ਸੀ, ਇਕ "ਬਵਾ" ਉਨ੍ਹਾਂ ਨੂੰ ਪ੍ਰਭਾਵਤ ਕਰ ਰਹੀ ਹੈ ਜੋ ਸਾਡੇ ਆਲੇ-ਦੁਆਲੇ ਹਨ: ਪਾਪ ਦੀ ਬਵਾ ਨਾ ਸਿਰਫ ਲੋਕਾਂ ਨੂੰ ਸਰੀਰਕ ਤੌਰ ਤੇ ਮਾਰ ਸਕਦੀ ਹੈ, ਪਰ ਰੂਹਾਂ ਨੂੰ ਸਦੀਪਕ ਮੌਤ ਦੀ ਸਜ਼ਾ ਵੀ ਦੇ ਸਕਦੀ ਹੈ। ਮਸੀਹੀ ਲੋਕ ਉਸ ਬਵਾ ਤੋਂ ਲੋਕਾਂ ਨੂੰ ਬਚਾਉਣ ਵਿਚ ਸਹਾਇਤਾ ਕਰ ਸਕਦੇ ਹਨ। ਬੇਸ਼ੱਕ, ਅਸੀਂ ਹਾਰੂਨ ਦੇ ਵਾਂਗ ਧੂਪ ਨਹੀਂ ਚੜ੍ਹਾਉਂਦੇ ਅਤੇ ਦੂਜਿਆਂ ਦੇ ਲਈ ਪਰਾਸਚਿਤ ਨਹੀਂ ਕਰਦੇ, ਪਰ ਅਸੀਂ ਉਨ੍ਹਾਂ ਨੂੰ ਉਸ ਪਰਾਸਚਿਤ ਦੇ ਬਾਰੇ ਦੱਸ ਸਕਦੇ ਹਾਂ ਜੋ ਮਸੀਹ ਨੇ ਪਹਿਲਾਂ ਤੋਂ ਹੀ ਕੀਤਾ ਹੈ ਅਤੇ ਉਨ੍ਹਾਂ ਨੂੰ ਬਚਣ ਦਾ ਮੌਕਾ ਦੇ ਸਕਦੇ ਹਾਂ।

ਮਸੀਹੀ ਹੋਣ ਦੇ ਨਾਤੇ, ਸਾਨੂੰ ਹਾਰੂਨ ਦੇ ਨਮੂਨੇ ਤੇ ਚੱਲਣਾ ਚਾਹੀਦਾ ਹੈ ਜਦੋਂ ਅਸੀਂ ਉਨ੍ਹਾਂ ਦੀ ਖ਼ਾਤਰ ਦਖ਼ਲ ਦੇਣਾ ਚਾਹੁੰਦੇ ਹਾਂ ਜਿਹੜੇ ਨਾਸ ਹੋ ਰਹੇ ਹਨ। 16:47 ਵਿਚ ਅਸੀਂ ਤਿੰਨ ਤਰੀਕੇ ਵੇਖਦੇ ਹਾਂ ਜਿਨ੍ਹਾਂ ਨਾਲ ਸਾਨੂੰ ਹਾਰੂਨ ਵਰਗੇ ਬਣਨਾ ਚਾਹੀਦਾ ਹੈ:

1. ਦੂਜਿਆਂ ਨੂੰ ਬਚਾਉਣ ਦਾ ਕੰਮ ਕਰਨ ਵਿਚ ਕਾਹਲੇ ਬਣੋ। ਹਾਰੂਨ ਆਪਣੇ ਲੋਕਾਂ ਵਿਚ "ਨੱਠ ਕੇ ਗਿਆ।"

2. ਦਿਲੇਰ ਅਤੇ ਪ੍ਰੇਮ ਕਰਨ ਵਾਲੇ ਬਣੋ। ਉਹ "ਸਭਾ ਵਿੱਚ" ਨੱਠ ਕੇ ਗਿਆ। ਉਸ ਨੂੰ ਕਿਵੇਂ ਯਕੀਨ ਸੀ ਕਿ ਉਹ ਖੁਦ ਬਵਾ ਨਾਲ ਨਹੀਂ ਮਰੇਗਾ? ਉਸ ਨੇ ਦੂਜਿਆਂ ਨੂੰ ਬਚਾਉਣ ਦੇ ਲਈ ਆਪਣੀ ਜਾਨ ਦਾਅ ਤੇ ਲਾ ਦਿੱਤੀ।

3. ਉਨ੍ਹਾਂ ਵਿਚ ਸ਼ਾਮਲ ਹੋਵੋ ਜਿਹੜੇ ਦੂਜਿਆਂ ਨੂੰ ਬਚਾਉਣਾ ਚਾਹੁੰਦੇ ਹਨ। ਹਾਰੂਨ ਉਨ੍ਹਾਂ ਲੋਕਾਂ ਵਿਚ ਜਾਣ ਦੇ ਲਈ ਤਿਆਰ ਸੀ ਜਿਨ੍ਹਾਂ ਨੂੰ ਉਹ ਬਚਾਉਣਾ ਚਾਹੁੰਦਾ ਸੀ। ਅਸੀਂ ਤਦ ਤੱਕ ਲੋਕਾਂ ਦੀ ਸਹਾਇਤਾ ਨਹੀਂ ਕਰ ਸਕਦੇ ਜਦੋਂ ਤੱਕ ਅਸੀਂ ਉਨ੍ਹਾਂ ਨਾਲ ਸ਼ਾਮਲ ਹੋਣ ਦੇ ਲਈ ਤਿਆਰ ਨਹੀਂ ਹੁੰਦੇ।

ਕਿਉਂਕਿ ਉਹ ਪਰਜਾ ਨੂੰ ਬਵਾ ਤੋਂ ਬਚਾਉਣ ਵਿਚ ਉੱਦਮੀ ਸੀ, ਹਾਰੂਨ "ਮੋਇਆਂ ਅਤੇ

ਜੀਉਂਦਿਆਂ ਦੇ ਵਿਚਕਾਰ” ਖਲੋਤਾ ਸੀ (16:48)। ਜਦੋਂ ਅਸੀਂ ਗ੍ਰੇਟ ਕਮਿਸ਼ਨ (ਮਹਾਨ ਆਗਿਆ) ਨੂੰ ਮੰਨਣ ਦੇ ਲਈ ਆਪਣੀ ਉੱਤਮ ਕੋਸ਼ਿਸ਼ ਕਰਦੇ ਹਾਂ, ਅਸੀਂ ਉਸ ਮੌਤ ਨੂੰ ਵੀ ਟਾਲ ਸਕਦੇ ਹਾਂ ਜੋ ਲੋਕਾਂ ਦੇ ਪਾਪਾਂ ਦੇ ਕਾਰਣ ਉਨ੍ਹਾਂ ਵੱਲ ਆ ਰਹੀ ਹੈ। ਅਸੀਂ, ਹਾਰੂਨ ਦੇ ਵਾਂਗ, ਮੋਇਆਂ ਅਤੇ ਜੀਉਂਦਿਆਂ ਦੇ ਵਿਚਕਾਰ ਖੜ੍ਹੇ ਹੋ ਸਕਦੇ ਹਾਂ! ਅਸੀਂ ਉਹ ਵਸੀਲੇ ਬਣ ਸਕਦੇ ਹਾਂ ਜਿਨ੍ਹਾਂ ਦੇ ਦੁਆਰਾ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਮਿਲੀ ਹੈ ਉਨ੍ਹਾਂ ਨੂੰ ਫੇਰ ਤੋਂ ਜੀਵਨ ਮਿਲ ਸਕਦਾ ਹੈ।

---

ਟਿੱਪਣੀਆਂ

[1]ਕੋਰਹ ਦਾ ਨਾਮ 16:10 ਵਿਚ ਵੀ ਆਉਂਦਾ ਹੈ, ਜੋ ਕਿ NASB ਅਨੁਵਾਦਕਾਂ ਦੁਆਰਾ ਜੋੜਿਆ ਗਿਆ ਹੈ। [2]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004), 635. [3]ਜੇਕਰ “ਇੱਕ ਮਨੁੱਖ” ਦੀ ਸ਼ਾਬਦਿਕ ਤੌਰ ਤੇ ਵਿਆਖਿਆ ਕੀਤੀ ਜਾਵੇ, ਇਹ ਕੋਰਹ ਦਾ ਹਵਾਲਾ ਦੇਵੇਗਾ, ਜਿਹੜਾ ਵਿਦਰੋਹ ਦਾ ਸਰਦਾਰ ਸੀ।